# ਮੈਂ ਪੰਜਾਬਣ ਹਾਂ
(ਨਾਟ-ਸੰਗ੍ਰਹਿ)

*ਇਸੇ ਕਲਮ ਤੋਂ*

ਕਲਯੁਗ ਦੀ ਮੈਲ਼ (ਇਕਾਂਗੀ ਸੰਗ੍ਰਹਿ)
ਜਬੈ ਬਾਣ ਲਾਗਿਯੋ (ਭਾਸ਼ਾ ਵਿਭਾਗ ਪੰਜਾਬ ਦਾ ਆਈ.ਸੀ. ਨੰਦਾ ਪੁਰਸਕਾਰ ਜੇਤੂ)
ਡਾਲਰ ਮੇਰਾ ਪੁੱਤਰ (ਪੂਰਾ ਨਾਟਕ)
ਜੇਠੂ ਦਾ ਕੋਠਾ (ਨਾਟ ਸੰਗ੍ਰਹਿ)
ਗ੍ਰਹਿਸਤ ਦਾ ਗੱਡਾ (ਨਾਟ ਸੰਗ੍ਰਹਿ)

# ਮੈਂ ਪੰਜਾਬਣ ਹਾਂ

(ਨਾਟ-ਸੰਗ੍ਰਹਿ)

ਸਤਵਿੰਦਰ ਬੇਗੋਵਾਲੀਆ

ਪ੍ਰਕਾਸ਼ਕ: 5 ਆਬ ਪ੍ਰਕਾਸ਼ਨ
1-2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ

**Mein Panjaban Haan**

(Plays)

by

Satwinder Begowalia

Ward No. 2, Tanda Road
Begowal (Kapurthala) 144621
Mob. : 98154-65620
Email :satwinderbegowalia15@gmail.com

© All rights are reserved

ISBN : 978-93-86838-80-3

ਸੰਸਕਰਣ : 2019

ਮੁੱਲ : 125/-

ਪ੍ਰਕਾਸ਼ਕ: 5 ਆਬ ਪ੍ਰਕਾਸ਼ਨ
1-2 ਦੇਸ਼ ਭਗਤ ਯਾਦਗਾਰ ਬਿਲਡਿੰਗ, ਜਲੰਧਰ

ਡਿਜ਼ਾਈਨਿੰਗ : ਰਤਨ ਕੰਪਿਊਟਰ, ਜਲੰਧਰ
98149-44411

ਪ੍ਰਿੰਟਰਜ਼ : ਵਾਲੀਆ ਪ੍ਰੈਸ, ਢੰਨ ਮੁਹੱਲਾ, ਜਲੰਧਰ
99157-62071

# ਸਮਰਪਣ

*ਨਾਟਕਕਾਰਾਂ, ਰੰਗ ਕਰਮੀਆਂ ,*
*ਰੰਗ ਮੰਚ ਦੇ ਦਰਸ਼ਕਾਂ ਅਤੇ*
*ਸਾਹਿਤ ਪ੍ਰੇਮੀਆਂ ਨੂੰ !*

# ਤਤਕਰਾ


| | | |
|---|---|---|
| 1. | ਭੂਮਿਕਾ | 7 |
| 2. | ਮੈਂ ਪੰਜਾਬਣ ਹਾਂ | 13 |
| 3. | ਕਲਮਕਾਰ | 36 |
| 4. | ਬਾਪੂ ਦਾ ਵਿਹੜਾ | 59 |
| 5. | ਦਿੱਲੀ ਤੋਂ ਬਾਬਾ ਬਕਾਲਾ | 81 |

# ਚਾਰ ਦਿਸ਼ਾਵਾਂ ਚਾਰ ਨਾਟਕ

ਸਤਵਿੰਦਰ ਬੇਗੋਵਾਲੀਆ ਮੇਰਾ ਅਜ਼ੀਜ਼ ਹੈ ਜਿਸ ਨੇ ਬੜੀ ਜਲਦੀ ਪੰਜਾਬੀ ਨਾਟਕ ਦੀ ਚੌਥੀ ਪੀੜ੍ਹੀ ਵਿਚ ਆਪਣਾ ਨਾਂ ਦਰਜ ਕਰ ਲਿਆ ਹੈ। ਮੇਰੇ ਸੰਪਰਕ ਵਿਚ ਆਉਣ ਤੋਂ ਪਹਿਲਾਂ ਉਸ ਦੀਆਂ ਪੰਜ ਨਾਟ-ਪੁਸਤਕਾਂ ਛਪ ਚੁੱਕੀਆਂ ਹਨ ਜਿਨ੍ਹਾਂ ਵਿਚ ਕਲਯੁਗ ਦੀ ਮੈਲ (1997), ਜਬੈ ਬਾਣ ਲਾਗਿਯੋ (1999), ਪੂਰਾ ਨਾਟਕ ਡਾਲਰ ਮੇਰਾ ਪੁੱਤਰ (2003), ਜੇਠੂ ਦਾ ਕੋਠਾ (2008) ਅਤੇ ਗ੍ਰਹਿਸਤ ਦਾ ਗੱਡਾ (2015) ਸ਼ਾਮਿਲ ਹੈ। ਉਸ ਨੇ ਆਪਣੀ ਛੇਵੀ ਨਾਟ-ਪੁਸਤਕ ਦੀ ਭੂਮਿਕਾ ਲਿਖਣ ਲਈ ਇਸਰਾਰ ਕੀਤਾ ਤਾਂ ਮੈਂ ਉਸ ਦੇ ਨਾਟ-ਜਗਤ ਵਿਚੋਂ ਦੁਬਾਰਾ ਗੁਜ਼ਰਿਆ ਭਾਵੇਂ ਇਸ ਤੋਂ ਪਹਿਲਾਂ ਉਸ ਦੀ ਪੰਜਵੀਂ ਕਿਤਾਬ 'ਗ੍ਰਹਿਸਤ ਦਾ ਗੱਡਾ' ਦੇ ਰੀਲੀਜ਼ ਮੌਕੇ ਮੈਂ ਉਸ ਦੀ ਨਾਟ ਕਲਾ ਤੇ ਆਪਣੇ ਵਿਚਾਰ ਪੇਸ਼ ਕਰ ਚੁੱਕਾ ਸਾਂ ਅਤੇ ਉਸ ਦੇ ਨਾਟ-ਨਕਸ਼ ਪਛਾਣ ਚੁੱਕਾ ਸਾਂ। ਆਮ ਤੌਰ ਤੇ ਮੈਂ ਕਿਸੇ ਵੀ ਲੇਖਕ ਦੀ ਕਿਸੇ ਕਿਤਾਬ ਦੀ ਇਕੋ ਵਾਰ 'ਭੂਮਿਕਾ' ਲਿਖਦਾ ਹਾਂ ਤੇ ਉਹ ਵੀ ਪਲੇਠੀ ਪੁਸਤਕ ਦੀ ਤਾਂ ਕਿ ਉਸ ਲੇਖਕ ਨੂੰ 'ਇੰਟਰੋਡਿਊਸ' ਕੀਤਾ ਜਾ ਸਕੇ। ਲੇਕਿਨ ਇਥੇ ਉਲਟ-ਵਰਤਾਰਾ ਹੋ ਗਿਆ ਹੈ। ਲੇਖਕ ਦੀਆਂ ਪਿਛਲੇ 20 ਵਰ੍ਹਿਆਂ ਦਰਮਿਆਨ ਪੰਜ ਪੁਸਤਕਾਂ ਆ ਚੁੱਕੀਆਂ ਹਨ ਅਤੇ ਪੰਜਵੀਂ ਵੇਲੇ ਮੈਂ ਉਸ ਦੇ ਇਲਾਕੇ ਵਿਚ ਜਾ ਕੇ ਭਰਵੀ ਹਾਜ਼ਰੀ ਦੌਰਾਨ ਉਸਨੂੰ ਚੌਥੀ ਪੀੜ੍ਹੀ ਦੇ ਅਹਿਮ ਨਾਟਕਕਾਰ ਵਜੋਂ ਸਵੀਕਾਰ ਵੀ ਕਰ ਚੁੱਕਾ ਹਾਂ। ਇਸ ਦੇ ਬਾਵਜੂਦ ਸਤਵਿੰਦਰ ਦੇ ਮੋਹਪਾਸ਼ ਨੇ ਮੈਨੂੰ ਉਸ ਦੀ ਇਸ ਪੁਸਤਕ ਦੀ ਭੂਮਿਕਾ ਲਿਖਣ ਲਈ ਮਜਬੂਰ ਕਰ ਦਿੱਤਾ। ਇਸ ਦਾ ਕਾਰਨ ਉਸ ਦਾ ਮੇਰੀ ਲਾਡਲੀ ਵਿਧਾ 'ਨਾਟਕ' ਲਿਖਣਾ ਵੀ ਹੋ ਸਕਦਾ ਹੈ ਅਤੇ ਸਾਰੇ ਜਾਣਦੇ ਹਨ ਕਿ ਨਾਟ-ਮੰਚ ਵਿਚ ਮੇਰੇ ਪ੍ਰਾਣ ਵੱਸਦੇ ਹਨ। ਲਿਹਾਜ਼ਾ ਸਤਵਿੰਦਰ ਦੀ ਹਥਲੀ ਪੁਸਤਕ ਦਾ ਖਰੜਾ ਮੇਰੇ ਹੱਥ ਵਿਚ ਹੈ।

'ਮੈਂ ਪੰਜਾਬਣ ਹਾਂ' ਵਿਚਲੇ ਚਾਰੇ ਨਾਟਕ ਅਲਗ ਅਲਗ ਦਿਸ਼ਾਵਾਂ ਵੱਲ ਫੈਲਦੇ ਹਨ ਜਿਸ ਦੀ ਤਸ਼ਰੀਹ ਕਰਨ ਦੀ ਲੋੜ ਭਾਸਦੀ ਹੈ। ਅਸਲ ਵਿਚ ਸਤਵਿੰਦਰ ਇਕ ਲੇਖਕ ਵਜੋਂ ਜਨਜੀਵਨ ਵਿਚ ਵਿਚਰਨ ਵਾਲੇ ਇਕ ਅਹਿਸਾਸਮੰਦ ਵਿਅਕਤੀ ਦਾ ਪ੍ਰਤੀਰੂਪ ਹੈ ਜਿਹੜਾ ਨਿੱਕੀ ਨਿੱਕੀ ਗੱਲ ਤੇ ਚੋਟਿਲ ਹੋ ਜਾਂਦਾ ਹੈ ਤੇ ਫੇਰ ਉਸ ਚੋਟ ਦੇ ਦਰਦ ਨੂੰ ਸਹਿਜਮਤੇ ਢੰਗ ਨਾਲ ਅੱਖਰਾਂ ਦਾ ਜਾਮਾ ਪਹਿਨਾ ਦਿੰਦਾ ਹੈ। ਇਸ ਅਭਿਵਿਅਕਤੀ ਵਿਚ ਉਸ ਅੰਦਰਲਾ ਲੇਖਕ ਅਤੇ ਉਸ ਦੀ 'ਲੇਖਕ ਬਿਰਾਦਾਰੀ' ਸ਼ਾਮਿਲ ਰਹਿੰਦੀ ਹੈ। ਉਦਾਹਰਣ ਵਜੋਂ ਸੰਗ੍ਰਹਿ ਦਾ ਦੂਜਾ ਨਾਟਕ 'ਕਲਮਕਾਰ' ਲਿਆ



ਜਾ ਸਕਦਾ ਹੈ ਜਿਸ ਵਿਚ ਇਕ ਪ੍ਰਤੀਬੱਧ ਤੇ ਬਜ਼ੁਰਗ ਲੇਖਕ 'ਕਾਮਰੇਡ' ਦੀ ਕੋਈ ਗੁੰਡਾ ਅਨਸਰ ਬੇਇਜ਼ਤੀ ਕਰਦਾ ਹੈ ਪਰੰਤੂ ਉਸ ਦੀ ਧਿਰ ਬਣਨ ਵਾਲੇ ਹਰ ਵਿਚਾਰਧਾਰਾ ਦੇ ਲੇਖਕ ਸਮੇਤ ਹਿੰਮਤ ਸਿੰਘ ਦੇ, ਜਿਸ ਨੂੰ ਕਾਮਰੇਡ ਪਸੰਦ ਨਹੀਂ ਕਰਦਾ, ਪੁਲਿਸ ਸਟੇਸ਼ਨ ਜਾ ਕੇ ਵਿਰੋਧ ਦਰਜ ਕਰਵਾਉਂਦੇ ਹਨ। ਸਿੱਟੇ ਵਜੋਂ ਪੁਲਿਸ ਨੂੰ ਐਕਸ਼ਨ ਲੈਣਾ ਪੈਂਦਾ ਹੈ। ਲੇਕਿਨ 'ਲੇਖਕ ਬਿਰਾਦਾਰੀ' ਉਸ ਬਦਮਾਸ਼ ਮੁੰਡੇ ਨੂੰ ਸਜ਼ਾ ਦਿਵਾਉਣ ਦੀ ਥਾਂ ਉਨ੍ਹਾਂ ਨੂੰ ਪਿਆਰ ਨਾਲ ਸਮਝਾਉਣ ਵਿਚ ਯਕੀਨ ਕਰਦੀ ਹੈ ਤੇ ਉਸ ਵਲੋਂ ਮਾਫੀ ਮੰਗਣ ਤੇ ਅਰਜ਼ੀ ਵਾਪਿਸ ਲੈ ਲੈਂਦੀ ਹੈ। ਇਥੇ ਲੇਖਕ ਇਹ ਸੰਦੇਸ਼ ਦੇਣਾ ਚਾਹੁੰਦਾ ਹੈ ਕਿ ਲੇਖਕ ਦਾ ਸਨਮਾਨ ਇਹੋ ਹੈ ਕਿ ਉਹ ਇਕ 'ਲੇਖਕ' ਵਾਂਗ ਵਿਚਰੇ ਅਤੇ ਸਮਾਜ ਵਿਚ 'ਮਿਸਾਲੀ' ਬਣੇ। ਇਸੇ ਲਈ ਨਾਟਕਕਾਰ ਇਸ ਨਾਟਕ ਵਿਚਲੇ ਪਾਤਰਾਂ ਅਤੇ 'ਬਾਪੂ ਦਾ ਵਿਹੜਾ' ਵਿਚਲੇ 'ਲੇਖਕ ਪਾਤਰਾਂ' ਦੇ ਉਸ ਜੀਵਨ ਵਿਹਾਰ ਤੇ ਤਨਜ਼ ਕਸਦਾ ਹੈ ਜਿਹੜੇ ਦਾਰੂ ਪੀਣ ਪਿਲਾਉਣ ਅਤੇ ਛੋਟੀਆਂ ਛੋਟੀਆਂ ਪ੍ਰਾਪਤੀਆਂ ਮਗਰ ਲਾਰ ਲਮਕਾਉਣ ਵਾਲੀ ਕਾਰਵਾਈ ਵਿਚ ਲਿਪਤ ਹਨ। ਨਾਟਕਕਾਰ ਅਜਿਹੇ ਆਦਰਸ਼ਕ ਵਿਹਾਰ ਦੀ ਸਿਰਜਣਾ ਚਾਹੁੰਦਾ ਹੈ ਜਿਸ ਵਿਚ 'ਪ੍ਰਾਪਤ ਯਥਾਰਥ' ਦੀ ਥਾਂ 'ਇੱਛਤ ਯਥਾਰਥ' ਆਪਣੀ ਹੋਂਦ ਕਾਇਮ ਕਰ ਲਵੇ। ਨਾਟਕਕਾਰ ਦੀ ਇਸੇ ਸ਼ੁਭ ਭਾਵਨਾ ਵਿਚ ਲੇਖਕ ਦੀ ਕਿਰਦਾਰ ਨਿਗਾਰੀ ਵੀ ਕਾਂਟੇ ਹੇਠ ਹੈ। ਮਸਲਨ 'ਬਾਪੂ ਦਾ ਵਿਹੜਾ' ਦਾ ਕੇਂਦਰੀ ਪਾਤਰ ਨਾ ਕੇਵਲ ਇਕ 'ਲੇਖਕ' ਹੈ ਬਲਕਿ 'ਪ੍ਰੋਫੈਸਰ' ਵੀ ਹੈ। ਲੇਕਿਨ ਉਹ ਜੀਵਨ ਵਿਹਾਰ ਵਿਚ ਆਪਣੇ ਪਿਤਾ ਦੀ ਕਦਰ ਨਹੀਂ ਕਰਦਾ ਬਲਕਿ ਉਸ ਨੂੰ ਬੁਰਾ ਭਲਾ ਕਹਿੰਦਾ ਹੈ ਜਿਸ ਦੀ ਉਸ ਵਰਗੇ ਬਾਜ਼ੌਕ ਵਿਅਕਤੀ ਤੋਂ ਉਮੀਦ ਨਹੀਂ ਕੀਤੀ ਜਾ ਸਕਦੀ। ਜਿਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਖ਼ੁਦ 'ਸ਼ਰਾਬ' ਦਾ ਗੁਲਾਮ ਹੋਣ ਕਾਰਨ ਅੱਗੋਂ ਉਸ ਦਾ ਪੁੱਤਰ ਵੀ ਆਪਣੇ ਪਿਤਾ ਦੀ 'ਸ਼ਹਿ' ਤੇ ਸ਼ਰਾਬ ਦੇ ਲੜ ਲਗ ਜਾਂਦਾ ਹੈ। ਸਿੱਟਾ ਇਹ ਨਿਕਲਦਾ ਹੈ ਕਿ 'ਵਿਹਾਰ' ਵਿਚ ਉਸ ਦਾ ਪੁੱਤਰ ਆਪਣੇ 'ਪਿਤਾ' ਤੋਂ ਵੀ ਅੱਗੇ ਲੰਘ ਜਾਂਦਾ ਹੈ ਅਤੇ ਵੱਡਾ ਹੋ ਕੇ ਨਾ ਕੇਵਲ ਆਪਣੇ ਪ੍ਰੋਫੈਸਰ/ਲੇਖਕ ਪਿਤਾ ਦੀ ਲਾਹਪਾਹ ਕਰਦਾ ਹੈ ਬਲਕਿ ਪਿਤਾ ਨੂੰ ਕੁੱਟਣ ਮਾਰਨ ਦੀਆਂ ਧਮਕੀਆਂ ਦੇਣ ਸਮੇਤ ਆਪਣੀ ਮਾਂ ਦੀ ਕੁੱਟਮਾਰ ਵੀ ਕਰਦਾ ਹੈ। ਅੰਤ ਲੇਖਕ ਦੀ ਪਤਨੀ ਸਵਾਸ ਛੱਡ ਜਾਂਦੀ ਹੈ ਤੇ ਲੇਖਕ ਨੂੰ ਆਪਣੇ ਉਸੇ ਪਿੰਡ ਵਾਪਿਸ ਜਾ ਕੇ ਆਪਣੇ ਹੀ ਵੇਚੇ ਗਏ ਘਰ ਵਿਚ ਕਿਰਾਏਦਾਰ ਬਣ ਕੇ ਰਹਿਣਾ ਮਨਜ਼ੂਰ ਹੋ ਜਾਂਦਾ ਹੈ ਜਿਸ ਪਿੰਡ ਨੂੰ ਉਹ ਪਛੜਿਆ ਕਹਿ ਕੇ ਛੱਡ ਆਇਆ ਸੀ। ਨਾਟਕਕਾਰ ਦੀ ਇਹ ਵੱਖਰਤਾ ਹੈ ਕਿ ਉਹ 'ਬੁਰਾਈ' ਦੇ ਨਾਲ ਨਾਲ 'ਚੰਗਿਆਈ' ਨੂੰ ਵੀ ਤੱਕੜੀ ਦੇ ਦੂਜੇ ਪਲੜੇ ਵਿਚ ਬਰਾਬਰ ਰੱਖਦਾ ਹੈ। ਜੇ ਇਕ ਪਾਸੇ ਉਹ ਪਿਤਾ-ਪੁੱਤਰ ਦੇ ਰਿਸ਼ਤੇ ਰਾਹੀਂ ਕਦਰਾਂ ਕੀਮਤਾਂ ਦੇ 'ਨਿਘਾਰ' ਦਾ ਜ਼ਿਕਰ

ਕਰਦਾ ਹੈ ਤਾਂ ਦੂਜੇ ਪਾਸੇ 'ਦੋਸਤੀ' ਦੇ ਸਦਾਬਹਾਰ ਬੂਟੇ ਦੇ ਲਹਿਲਹਾਉਣ ਦੇ ਹਵਾਲੇ ਨਾਲ ਮਨੁਖ ਦਾ ਜ਼ਿੰਦਗੀ ਵਿਚ 'ਵਿਸ਼ਵਾਸ' ਵੀ ਕਾਇਮ ਕਰਦਾ ਹੈ :

(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਅੱਥਰੂ ਵਗਣੇ ਸ਼ੁਰੂ ਹੋ ਗਏ ਹਨ)

ਗੁਰਨਾਮ : ਅੱਥਰੂ ? ਕੀ ਹੋਇਐ ਮੇਰੇ ਯਾਰ ?

ਅਨੂਪ ਚੰਦ : ਲੋਕ ਕਹਿੰਦੇ ਨੇ ਜ਼ਮਾਨਾ ਸਵਾਰਥ ਦਾ ਆ ਗਿਐ, ਪਰ ਤੇਰੀ ਯਾਰੀ ਵੱਲ ਧਿਆਨ ਜਾਂਦੈ ਤਾਂ ਮੈਂ ਹਿੱਕ ਥਾਪੜ ਕੇ ਕਹਿ ਸਕਦਾਂ ਕਿ ਵਿਸ਼ਵਾਸ ਅਤੇ ਪਿਆਰ ਦਾ ਬੀਜ ਪੂਰੀ ਤਰ੍ਹਾਂ ਨਸ਼ਟ ਨਹੀਂ ਹੋਇਆ।

ਗੁਰਨਾਮ : ਪਿਆਰ ਨਿਭੇਗਾ ਵੀ ਆਖਰੀ ਦਮ ਤੱਕ

ਅਨੂਪ ਚੰਦ : ਯਾਰ, ਇਸ ਪੁਤਲੇ 'ਚ ਜਿਹੜੇ ਸਾਹ ਚੱਲ ਰਹੇ ਨੇ, ਉਹ ਤੇਰੇ ਵਰਗੇ ਯਾਰਾਂ ਕਰਕੇ..... ਕਈ ਵਾਰ ਮੈਨੂੰ ਓਪਰੀ ਜਿਹੀ ਜਾਪੀ ਏ ਦੁਨੀਆ ਤਾਂ ਤੇਰਾ ਚੇਤਾ ਆਉਂਦੇ ਹੀ ਪਤਾ ਨਹੀਂ ਕੁਦਰਤ ਮੇਰੇ 'ਚ ਊਰਜਾ ਕਿਵੇਂ ਪੈਦਾ ਕਰ ਦਿੰਦਾ ਏ।

ਨਾਟਕਕਾਰ ਆਪਣੇ ਨਾਟਕ 'ਕਲਮਕਾਰ' ਰਾਹੀਂ ਇਕ 'ਦਿਸ਼ਾ' ਨਿਰਧਾਰਣ ਕਰਦਾ ਹੈ ਤੇ ਉਹ ਹੈ 'ਲੇਖਕ ਦਾ ਸਮਾਜ ਵਿਚ ਸਥਾਨ' ਅਤੇ ਆਪਣੇ 'ਬਣਦੇ ਸਨਮਾਨ' ਦੀ ਰਾਖੀ ਲਈ ਸਮੁੱਚੇ 'ਲੇਖਕ ਵਰਗ' ਵਲੋਂ ਵਿਢਿਆ ਸਾਂਝਾ ਸੰਘਰਸ਼। ਇੰਜ ਹੀ ਨਾਟਕਕਾਰ 'ਬਾਪੂ ਦਾ ਵਿਹੜਾ' ਰਾਹੀਂ ਪੀੜ੍ਹੀ ਪਾੜੇ ਦੇ ਦਰਦਨਾਕ ਮੰਜ਼ਿਰ ਦੀ ਪੇਸ਼ਕਾਰੀ ਕਰਦਾ ਹੋਇਆ 'ਦੋਸਤੀ' ਵਰਗੀ ਸਦੀਵੀ 'ਕਦਰ ਕੀਮਤ' ਵਿਚ ਵਿਸ਼ਵਾਸ ਪੈਦਾ ਕਰਦਾ ਹੋਇਆ ਇਹ ਸੰਦੇਸ਼ ਦਿੰਦਾ ਹੈ ਕਿ 'ਜਿਵੇਂ ਕਰੋਗੇ ਉਵੇਂ ਭਰੋਗੇ' ਵਾਲੀ ਲੋਕ ਰੂੜ੍ਹੀ ਹਰ ਯੁਗ ਵਿਚ ਅਰਥਵਾਨ ਹੈ। ਇਸ ਲਈ ਵਿਅਕਤੀ ਨੂੰ ਆਪਣੇ 'ਕਿਰਦਾਰ' ਦੀ ਨਿਰਖ ਪਰਖ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਉਸ ਨੂੰ ਭਵਿੱਖ ਵਿਚ ਆਪਣੇ ਮਾੜੇ ਵਿਹਾਰ ਦਾ 'ਦੁਗਣਾ ਪ੍ਰਤੀਉੱਤਰ' ਨਾ ਮਿਲੇ। ਫੇਰ ਪਛਤਾਉਣ ਤੋਂ ਬਿਨਾਂ ਕੋਈ ਚਾਰਾ ਨਹੀਂ ਰਹਿੰਦਾ।

ਇਸ ਪੁਸਤਕ ਦੀ ਤੀਜੀ ਦਿਸ਼ਾ 'ਮੈਂ ਪੰਜਾਬਣ ਹਾਂ' ਰਾਹੀਂ ਪੇਸ਼ ਹੋਈ ਹੈ ਜਿਹੜੀ 'ਕਰਮਭੂਮੀ' ਤੇ 'ਜਨਮਭੂਮੀ' ਦੇ ਟਕਰਾਉ ਨੂੰ ਪੇਸ਼ ਕਰਦੀ ਹੈ :

ਦੁਰਗਾ ਦਾਸ : ਤੂੰ ਇੱਥੇ ਪਲੀ ਜ਼ਰੂਰ ਏ ਪਰ ਤੇਰਾ ਜਨਮ ਪਹਾੜੀ ਇਲਾਕੇ 'ਚ ਹੋਇਆ। ਉਹ ਤੇਰੀ ਜਨਮ ਭੂਮੀ ਏ।

ਸੋਨੀ : ਪਰ ਇਹ ਇਲਾਕਾ ਮੇਰੀ ਕਰਮ ਭੂਮੀ ਏ। ਤੁਸੀਂ ਮੇਰੀ ਜਨਮ ਭੂਮੀ ਦੀ ਗੱਲ ਕਰਦੇ ਹੋ, ਕਿਉਂ ਛੱਡ ਕੇ ਆਏ?

ਨਾਟਕ ਵਿਚ ਪਹਿਲੀ ਪੀੜ੍ਹੀ ਦੇ ਪਾਤਰ ਸਰਿਤਾ ਤੇ ਦੁਰਗਾ ਦਾਸ ਪਹਾੜਾਂ ਵਿਚ ਜੰਮੇ ਪਲੇ ਹਨ ਅਤੇ ਆਪਣੀ 'ਜਨਮਭੂਮੀ' ਅਤੇ 'ਮਾਂ ਬੋਲੀ' ਲਈ ਪ੍ਰਤੀਬੱਧ ਹਨ। ਇਸ ਦਾ ਇਜ਼ਹਾਰ ਸਰਿਤਾ ਵਲੋਂ ਪਹਾੜੀ ਲੋਕਗੀਤ ਗਾਉਣ ਤੋਂ ਵੀ ਮਿਲਦਾ ਹੈ :

ਗੀਤ ਦੀ ਆਵਾਜ਼ : ਮੇਰੇ ਪਰਵਤ ਗਰਜੇ ਗੂੰਜੇ, ਨਦਿਆਂ ਫੂੰਕਾਰੇ ਪਾਏ,



ਧਰਤੀ ਨੇ ਕਰਵਟ ਬਦਲੀ, ਗਗਨ ਭੀ ਸ਼ੋਰ ਮਚਾਏ,
ਪੱਥਰ ਕੰਨੈ ਟੋਹਲੀ ਬੋਹਲਣ, ਰਿਢਿਆਂ ਪਰ ਪਖਰੂ ਗਾਏ,
ਮੋਰਾਂ ਨੇ ਪਾਇਲ ਪਾਈ, ਗਾ-ਬਛੂ ਖੂਬ ਰੰਭਾਏ।

ਇੰਜ ਹੀ ਦੁਰਗਾ ਦਾਸ ਆਪਣੀਆਂ ਬੇਟੀਆਂ ਨੂੰ ਵੀ ਆਪਣੀ ਜਨਮਭੂਮੀ ਦੇ ਮੋਹ ਕਾਰਨ ਪਹਾੜਾਂ ਵਿਚ ਵੀ ਵਿਆਹੁਣਾ ਚਾਹੁੰਦੇ ਹਨ। ਪਹਿਲੀ ਬੇਟੀ ਕੰਚਨ ਵੇਲੇ ਉਹ ਇਸ ਵਿਚ ਕਾਮਯਾਬ ਹੋ ਜਾਂਦਾ ਹੈ ਪਰੰਤੂ ਦੂਜੀ ਬੇਟੀ ਸੋਨੀ ਇਸ ਧਾਰਨਾ ਤੋਂ ਬਾਗੀ ਹੋ ਜਾਂਦੀ ਹੈ ਕਿਉਂਕਿ ਸੋਨੀ ਤਰਕ ਇਹ ਦਿੰਦੀ ਹੈ ਕਿ ਉਨ੍ਹਾਂ ਦੀ 'ਕਰਮਭੂਮੀ' ਪੰਜਾਬ ਹੈ ਅਤੇ 'ਪੰਜਾਬ' ਅਤੇ 'ਪੰਜਾਬੀ ਬੋਲੀ' ਉਨ੍ਹਾਂ ਦੀਆਂ ਰਗਾਂ ਵਿਚ ਸਮਾ ਚੁੱਕੀ ਹੈ। ਸਿੱਟੇ ਵਜੋਂ ਉਹ ਆਪਣੇ ਆਪ ਨੂੰ 'ਪੰਜਾਬਣ' ਕਹਾਉਂਦੀ ਹੈ :

ਕੁਲਵੀਰ : ਤੂੰ ਇੰਨੀ ਦੀਵਾਨੀ ਏਂ ਪੰਜਾਬੀ ਦੀ ?

ਸੋਨੀ : ਹੋਵਾਂ ਵੀ ਕਿਉਂ ਨਾ। ਮੈਂ ਪੰਜਾਬਣ ਹਾਂ, ਮੈਂ ਪੂਰੀ ਪੰਜਾਬਣ ਹਾਂ।

ਕੁਲਵੀਰ : ਤੇਰੀ ਕਵਿਤਾ 'ਮੈਂ ਪੰਜਾਬਣ ਹਾਂ' ਕਮਾਲ ਦੀ ਕਵਿਤਾ ਸੀ। ਤੂੰ ਉਸ ਕਵਿਤਾ ਦਾ ਗਾਇਣ ਕਰਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ ਸੀ।

ਸੋਨੀ: ਪਤਾ ਨਹੀਂ ਉਹ ਕਵਿਤਾ ਮੈਂ ਕਿਵੇਂ ਲਿਖ ਦਿੱਤੀ। ਸ਼ਾਇਦ ਮੇਰੀ ਰੂਹ 'ਚੋਂ ਨਿਕਲੀ ਸੀ।

ਇਸ ਦੇ ਨਾਲ ਹੀ ਉਹ ਮਾਂ ਬੋਲੀ ਪੰਜਾਬੀ ਦਾ ਗੁਣਗਾਨ ਕਰਦੀ ਹੈ :

ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ
ਦੁਨੀਆਂ 'ਚ ਪੰਜਾਬੀ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿਚ ਤਾਂ ਘੁਲੀ ਮਿਸ਼ਰੀ
ਕਿਸੇ ਪਾਸਿਓਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਨਾਟਕਕਾਰ ਪਰੋਖ ਰੂਪ ਵਿਚ ਇਹ ਸੰਦੇਸ਼ ਦਿੰਦਾ ਹੈ ਕਿ ਜਿਹੜੇ ਗ਼ੈਰ ਪੰਜਾਬੀ ਹੁਣ ਪੰਜਾਬ ਵਿਚ ਵੱਸ ਗਏ ਹਨ ਉਨ੍ਹਾਂ ਦੀ ਅਗਲੀ ਪੀੜ੍ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨਾਲ ਜੁੜ ਚੁੱਕੀ ਹੈ। ਇਸ ਲਈ ਉਨ੍ਹਾਂ ਦੀ ਪਹਿਲੀ ਪੀੜ੍ਹੀ ਨੂੰ ਇਹ ਸੱਚ ਸਵੀਕਾਰਨਾ ਚਾਹੀਦਾ ਹੈ। ਲੇਕਿਨ ਪਰੋਖ ਤੋਂ ਵੀ ਪਰੋਖ ਰੂਪ ਵਿਚ ਨਾਟਕ ਇਹ ਵੀ ਕਹਿੰਦਾ ਹੈ ਕਿ ਸਾਨੂੰ ਪੰਜਾਬੀਆਂ ਨੂੰ ਵੀ ਉਨ੍ਹਾਂ ਨੂੰ ਸਵੀਕਾਰਨਾ ਚਾਹੀਦਾ ਹੈ ਕਿਉਂਕਿ ਭਵਿੱਖ ਵਿਚ ਉਹ ਲੋਕ ਉਵੇਂ ਹੀ ਪੰਜਾਬ ਦਾ ਹਿੱਸਾ ਹੋਣਗੇ ਜਿਵੇਂ ਇਤਿਹਾਸ ਵਿਚ ਬਾਹਰੋਂ ਆਈਆਂ ਅੱਡ ਅੱਡ ਕੌਮਾਂ ਸਮੇਂ ਸਮੇਂ ਪੰਜਾਬ ਦਾ ਭਾਗ ਬਣਦੀਆਂ ਰਹੀਆਂ।

ਨਾਟਕਕਾਰ ਨੇ 'ਚੌਥੀ ਦਿਸ਼ਾ' ਦੀ ਤਲਾਸ਼ ਇਸ ਪੁਸਤਕ ਦੇ ਚੌਥੇ ਨਾਟਕ 'ਦਿੱਲੀ ਤੋਂ ਬਕਾਲਾ ਰਾਹੀਂ' ਪੰਜਾਬ ਦੇ ਉਸ ਸ਼ਾਨਮੱਤੇ ਇਤਿਹਾਸ ਵਿਚੋਂ ਕੀਤੀ ਹੈ ਜਿਸ ਦੇ ਤਹਿਤ

ਸਿਖ ਗੁਰੂ ਸਾਹਿਬ ਦੇ ਜੀਵਨ ਸਮਾਚਾਰ ਅਤੇ ਸਹਿਜ ਮਾਰਗੀ ਸੰਦੇਸ਼ ਸਾਡੇ ਰਾਹ ਦਸੇਰੇ ਹਨ। ਨਾਟਕਕਾਰ 1663-64 ਵਿਚ ਅੱਠਵੀਂ ਜੋਤ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਦਿੱਲੀ ਕਿਆਮ ਦੌਰਾਨ ਦਿਲੀ ਵਿਖੇ ਫੈਲੀ ਚੇਚਕ ਦੀ ਬੀਮਾਰੀ ਕਾਰਨ ਦੁਖੀ ਲੋਕਾਂ ਦੀ ਸੇਵਾ ਕਰਨ ਅਤੇ ਖ਼ੁਦ ਇਸ ਬੀਮਾਰੀ ਕਾਰਨ ਜੋਤੀ ਜੋਤ ਸਮਾਉਣ ਦੇ ਪ੍ਰਸੰਗ ਰਾਹੀਂ ਇਤਿਹਾਸ ਦੇ ਸੁਨਹਿਰੇ ਪੰਨੇ ਫਰੋਲੇ ਹਨ :

ਪਿੱਛੋ ਆਵਾਜ਼ : ਦਿੱਲੀ ਵਾਸੀਓ ! ਸੁਣੋ, ਸੁਣੋ, ਸੁਣੋ। ਆਹ ਮੁਸ਼ਕਲ ਘੜੀ ਵਿੱਚ ਗਰੀਬਾਂ, ਬੇਸਹਾਰਿਆਂ ਲਈ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ, ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਰੱਬ ਬਣ ਕੇ ਪਹੁੰਚੇ ਨੇ। ਗਰੀਬਾਂ, ਨਿਆਸਰਿਆਂ ਦੀ ਉਹ ਤਨ, ਮਨ ਨਾਲ ਅਣਥੱਕ ਸੇਵਾ ਕਰ ਰਹੇ ਨੇ। ਮੁਫਤ ਦਵਾਈਆਂ ਵੀ ਦੇ ਰਹੇ ਨੇ।

ਇਸ ਦੇ ਨਾਲ ਹੀ ਨਾਟਕਕਾਰ ਨੇ ਮੱਖਣ ਸ਼ਾਹ ਲੁਬਾਣਾ ਵਲੋਂ 'ਗੁਰੂ ਲਾਧੋ ਰੇ' ਦੇ ਪ੍ਰਸੰਗ ਰਾਹੀਂ ਨੌਵੀਂ ਜੋਤ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਦੇ ਪਾਖੰਡੀ ਵਾਤਾਵਰਣ ਤੇ ਚੋਟ ਵੀ ਕੀਤੀ ਹੈ :

ਬਾਵਾ : ਤੇਰੀਆਂ ਨਜ਼ਰਾਂ ਵਿਚਲੀ ਸਿਆਣਪ ਇੱਕ ਆਸ ਪੈਦਾ ਕਰਦੀ ਏ ਕਿ ਸੱਚਾ ਗੁਰੂ ਜ਼ਰੂਰ ਪ੍ਰਗਟ ਹੋਵੇਗਾ। ਆਹ ਆਪੇ ਬਣੇ ਗੁਰੂਆਂ ਨੇ ਤਾਂ ਧੂਫਾਂ ਲਾਈਆਂ ਨੇ। ਬਾਬੇ ਨਾਨਕ ਨੇ ਕਿਹਾ ਸੀ ਕੁਦਰਤ ਵਿੱਚ ਆਰਤੀ ਸਦਾ ਹੋ ਰਹੀ ਹੁੰਦੀ ਏ ਤੇ ਆਹ ਸਾਧ ਥਾਲ ਫੜ ਕੇ ਆਰਤੀ ਉਤਾਰਦੇ ਪਏ ਨੇ।

ਇਹ ਵੀ ਕੈਸਾ ਕੌਤਕ ਹੈ ਕਿ ਅੱਠਵੇਂ ਗੁਰੂ ਦਿੱਲੀ ਵਿਚ ਦੀਨ ਦੁਖੀਆਂ ਦੀ ਸੇਵਾ ਕਰਦੇ ਬਾਲ ਉਮਰੇ ਜੋਤੀ ਜੋਤ ਸਮਾਉਂਦੇ ਹਨ ਤੇ ਮੁੜ ਨੌਵੇਂ ਪਾਤਸ਼ਾਹ ਦਿੱਲੀ ਵਿਚ ਹੀ ਸ਼ਹਾਦਤ ਪ੍ਰਾਪਤ ਕਰਦੇ ਹਨ। ਨਾਟਕਕਾਰ ਨੇ ਭਾਵੇਂ 'ਗੁਰੂ ਲਾਧੋ ਰੇ' ਦੇ ਪ੍ਰਸੰਗ ਤਕ ਆਪਣਾ ਨਾਟਕ 'ਦਿੱਲੀ ਤੋਂ ਬਕਾਲਾ ਤਕ' ਸਮਾਪਤ ਕਰ ਦਿੱਤਾ ਹੈ ਪਰ ਮੇਰੇ ਵਰਗੇ ਪਾਠਕਾਂ ਸਾਹਮਣੇ ਉਸ ਤੋਂ ਬਾਅਦ ਵਾਲਾ ਮੰਜ਼ਿਰ ਵੀ ਦ੍ਰਿਸ਼ਟਮਾਨ ਹੋ ਗਿਆ ਹੈ।

ਸਤਵਿੰਦਰ ਬੇਗੋਵਾਲੀਆ ਦੇ ਇਹ ਨਾਟਕ ਜਿਥੇ 'ਵਿਚਾਰ' ਪਖੋਂ 'ਚਾਰ ਦਿਸ਼ਾਵੀ' ਹਨ ਉਥੇ 'ਪ੍ਰਕਾਰ' ਪਖੋਂ 'ਇਕਾਂਗੀ' ਦੀ ਥਾਂ 'ਲਘੂ ਨਾਟਕ' ਦੇ ਰੂਪ-ਆਕਾਰ ਵਿਚ ਢਲੇ ਹਨ। ਇਸੇ ਲਈ ਇਸ ਨਾਟ-ਪੁਸਤਕ ਨੂੰ ਨਾਟ-ਸੰਗ੍ਰਹਿ ਕਿਹਾ ਗਿਆ ਹੈ। ਇਸ ਦਾ ਪ੍ਰਮਾਣ ਇਨ੍ਹਾਂ ਨਾਟਕਾਂ ਦੀ ਦ੍ਰਿਸ਼-ਵੰਡ ਤੋਂ ਮਿਲਦਾ ਹੈ :

| | | |
|---|---|---|
| ਮੈਂ ਪੰਜਾਬਣ ਹਾਂ | - | ਛੇ ਦ੍ਰਿਸ਼ |
| ਕਲਮਕਾਰ | - | ਚਾਰ ਦ੍ਰਿਸ਼ |
| ਬਾਪੂ ਦਾ ਵਿਹੜਾ | - | ਚਾਰ ਦ੍ਰਿਸ਼ |
| ਦਿੱਲੀ ਤੋਂ ਬਾਬਾ ਬਕਾਲਾ | - | ਦੋ ਦ੍ਰਿਸ਼ |



ਜ਼ਾਹਿਰ ਹੈ ਕਿ ਇਹ ਨਾਟਕ ਇਕਾਂਗੀ ਦੀ 'ਇਕ ਅੰਕੀ ਦ੍ਰਿਸ਼ਾਵਲੀ' ਤੋਂ ਪਾਰ ਜਾਂਦੇ ਹਨ। ਇੰਜ ਹੀ 'ਸੰਚਾਰ' ਪਖੋਂ ਸਾਰੇ ਨਾਟਕ ਯਥਾਰਥਵਾਦੀ ਨਾਟ-ਸ਼ੈਲੀ ਰਾਹੀਂ ਪ੍ਰਵਾਨ ਚੜ੍ਹਦੇ ਹਨ। ਹੈਨਰਿਕ ਇਬਸਨ ਵਲੋਂ ਸੰਚਾਲਿਤ ਯਥਾਰਥਵਾਦੀ ਸ਼ੈਲੀ ਦੇ ਨਾਟਕਾਂ ਲਈ ਹਿੰਦੀ ਭਾਸ਼ਾ ਵਿਚ 'ਸਮੱਸਿਆ ਨਾਟਕ' ਟਰਮ ਵਰਤੀ ਜਾਂਦੀ ਹੈ। ਸਤਵਿੰਦਰ ਦੇ 'ਚਾਰ ਦਿਸ਼ਾਵਾਂ ਦੇ ਚਾਰ ਨਾਟਕ' ਸੰਗ੍ਰਹਿ ਦੇ ਨਾਟਕ ਵੀ ਸਮਾਜਿਕ ਸਮੱਸਿਆਵਾਂ ਨਾਲ ਜੁੜੇ ਹੋਏ ਹਨ ਤੇ ਹਰ ਨਾਟਕ ਵਿਚ ਸਮੱਸਿਆ ਦੇ ਆਰੰਭ, ਮੱਧ ਤੇ ਸਿਖਰ ਦੀ ਤ੍ਰਿਕੜੀ ਮਿਲਦੀ ਹੈ। ਨਾਟਕਕਾਰ ਦੀ ਸ਼ੈਲੀ ਵਿਚ ਕਾਵਿਕਤਾ ਦਾ ਦਖਲ ਹੈ ਜਿਹੜਾ ਨਾਟਕਾਂ ਦੀ ਸੰਚਾਰ ਯੋਗਤਾ ਵਿਚ ਵਾਧਾ ਕਰਦਾ ਹੈ। ਇਸ ਦੇ ਪ੍ਰਮਾਣ ਥਾਂ ਥਾਂ ਮਿਲਦੇ ਹਨ :

ਉਹਦੇ ਐਸੇ ਪਿਆਰ ਨੇ ਮੈਨੂੰ ਕੀਤੈ ਬਿਮਾਰ।

•

ਜਿਉਂ ਪੈਲਾਂ ਪਾਉਂਦੇ ਮੋਰ

•

ਯਾਦ ਰੱਖੀ, ਮੈਂ ਤੇਰੀ ਸੁਹਾਗਣ ਹਾਂ, ਮੈਂ ਪੰਜਾਬਣ ਹਾਂ।

ਇਨ੍ਹਾਂ ਨਾਟਕਾਂ ਦੇ ਪਾਠ ਨੇ ਮੇਰੀ ਇਸ ਧਾਰਨਾ ਨੂੰ ਬਲ ਦਿੱਤਾ ਹੈ ਕਿ ਕਿਸੇ ਵੀ ਲੇਖਕ ਦੀ ਨਾਟਕਕਾਰੀ ਦਾ ਸਹਿਜ ਵਿਕਾਸ ਹੁੰਦਾ ਰਹਿੰਦਾ ਹੈ ਬਸ਼ਰਤੇ ਉਹ ਲਗਨ ਨਾਲ ਲਗਿਆ ਰਹੇ। ਆਪਣੀ ਜ਼ਾਤੀ ਜ਼ਿੰਦਗੀ ਵਿਚ ਇਕ ਸੁਖਮਭਾਵੀ ਤੇ ਸਹਿਜ ਵਿਚ ਵਿਚਰਨ ਵਾਲੇ ਵਿਅਕਤੀ ਵਜੋਂ ਕਾਰਜਸ਼ੀਲ ਸਤਵਿੰਦਰ ਦੀ ਸ਼ਖ਼ਸੀਅਤ ਦਾ ਪਰਛਾਵਾਂ ਇਨ੍ਹਾਂ ਨਾਟਕਾਂ ਵਿਚ ਵੀ ਮਿਲਦਾ ਹੈ। ਇਹ ਨਾਟਕ 'ਨਿਰਉਚੇਚ' ਢੰਗ ਨਾਲ ਰਚੇ ਗਏ ਹਨ ਜਿਨ੍ਹਾਂ ਵਿਚ ਕੋਈ 'ਦਾਅਵਾ' ਤੇ 'ਦਿਖਾਵਾ' ਸ਼ਾਮਿਲ ਨਹੀਂ ਹੈ। ਮੈਨੂੰ ਜਾਪਦਾ ਹੈ ਕਿ ਸਤਵਿੰਦਰ ਦੀ ਨਾਟਕਕਾਰੀ ਦੀ ਇਹ ਸਹਿਜ ਟੋਰ ਇਕ ਦਿਨ ਉਸ ਨੂੰ ਨਾਟਕਕਾਰੀ ਦੀ ਮੰਜ਼ਿਲ ਤਕ ਪਹੁੰਚਾ ਦੇਵੇਗੀ। ਮੇਰੀਆਂ ਸ਼ੁਭਕਾਮਨਾਵਾਂ ਹਮੇਸ਼ਾ ਉਸ ਦੇ ਅੰਗ ਸੰਗ ਹਨ।

ਪ੍ਰੋਫੈਸਰ, ਪੰਜਾਬੀ ਵਿਭਾਗ — ਸਤੀਸ਼ ਕੁਮਾਰ ਵਰਮਾ
ਪੰਜਾਬੀ ਯੂਨੀਵਰਸਿਟੀ, ਪਟਿਆਲਾ — 24-11-2018

# ਮੈਂ ਪੰਜਾਬਣ ਹਾਂ



| | |
|---|---|
| ਕੁਲਵੀਰ : | ਕਾਲਜ ਦਾ ਵਿਦਿਆਰਥੀ, 21 ਸਾਲ |
| ਸੋਨੀ : | ਕਾਲਜ ਦੀ ਵਿਦਿਆਰਥਣ, 20 ਸਾਲ |
| ਸਰਿਤਾ : | ਸੋਨੀ ਦੀ ਮਾਂ, 45 ਸਾਲ |
| ਦੁਰਗਾ ਦਾਸ : | ਸੋਨੀ ਦਾ ਪਿਤਾ, 48 ਸਾਲ |
| ਕੰਚਨ : | ਸੋਨੀ ਦੀ ਵੱਡੀ ਭੈਣ, 23 ਸਾਲ |
| ਨਿੱਕੂ : | ਕੰਚਨ ਦੇ ਸਹੁਰੇ ਘਰ ਦਾ ਨੌਕਰ |
| ਸਟੇਜ ਸਕੱਤਰ | |
| ਮੁੱਖ ਜੱਜ | |

## ਦ੍ਰਿਸ਼ ਪਹਿਲਾ

ਸਥਾਨ : ਨਗਰ ਦੇ ਇੱਕ ਕਾਲਜ ਵਿਚ ਸਟੇਜ।

ਸਟੇਜ ਸਕੱਤਰ : ਸਤਿਕਾਰਯੋਗ ਪ੍ਰੋਫ਼ੈਸਰ ਸਾਹਿਬਾਨ ਅਤੇ ਵੱਖ ਵੱਖ ਕਾਲਜਾਂ ਨਾਲ ਸਬੰਧਤ ਵਿਦਿਆਰਥੀਓ, ਅੱਜ ਦੀ ਦੋ ਗਾਨਿਆਂ ਦੀ ਪ੍ਰਤੀਯੋਗਤਾ ਦੀ ਆਖਰੀ ਆਈਟਮ ਇਸੇ ਕਾਲਜ ਦੇ ਬੀ.ਏ. ਭਾਗ ਤੀਜਾ ਦੇ ਕੁਲਵੀਰ ਸਿੰਘ ਅਤੇ ਸੋਨੀ ਆਪ ਜੀ ਦੇ ਰੂਬਰੂ ਪੇਸ਼ ਕਰਨ ਜਾ ਰਹੇ ਨੇ।

(ਸਟੇਜ 'ਤੇ ਪੰਜਾਬੀ ਗਾਇਕਾਂ ਵਾਲੇ ਪਹਿਰਾਵੇ ਵਿਚ ਕੁਲਵੀਰ ਅਤੇ ਸੋਨੀ ਆਉਂਦੇ ਹਨ)

ਸੋਨੀ : (ਗਾਉਂਦੀ ਹੋਈ) ਸੁਣ ਮੇਰਿਆ ਸੱਜਣਾ
ਅਸਾਂ ਤੇਰੇ ਨਾਲ ਹੱਸਣਾ।
ਸੁਣ ਮੇਰਿਆ.....

ਕੁਲਵੀਰ : ਆਪਾਂ ਇੱਕ ਮਿੱਕ ਹੋ ਕੇ
ਦੁਨੀਆ ਨੂੰ ਦੱਸਣਾ।

ਸੋਨੀ : ਸੁਣ ਮੇਰਿਆ ਸੱਜਣਾ
ਅਸਾਂ ਤੇਰੇ ਨਾਲ ਹੱਸਣਾ।

ਕੁਲਵੀਰ : ਇਹ ਕੁੜੀਆਂ ਦਾ ਟੋਲਾ
ਨਿੱਤ ਪਾਵੇ ਰੌਲਾ।

ਸੋਨੀ : ਕੋਈ ਸਿਫਤਾਂ ਕਰਦਾ
ਕੋਈ ਹੋਇਆ ਕੋਲਾ।

ਕੁਲਵੀਰ : ਮੈਂ ਉੱਥੇ ਹੀ ਰਹਿਣੈਂ
ਜਿੱਥੇ ਤੂੰ ਵੱਸਣਾ।

ਸੋਨੀ : ਸੁਣ ਮੇਰਿਆ ਸੱਜਣਾ
ਅਸਾਂ ਤੇਰੇ ਨਾਲ ਹੱਸਣਾ।

ਕੁਲਵੀਰ : ਤੂੰ ਨਜ਼ਰ ਨਾ ਆਏਂ
ਤਾਂ ਪੱਤਝੜ ਆਉਂਦੀ

ਸੋਨੀ : ਤੇਰੇ ਆਇਆਂ ਦੁਨੀਆ
ਸੋਹਣੀ ਹੋ ਜਾਂਦੀ।



ਕੁਲਵੀਰ : ਇਸ ਸੁੰਨੀ ਮਹਿਫ਼ਲ ਨੇ
ਤੇਰੇ ਆਇਆਂ ਜੱਚਣਾ।

ਸੋਨੀ : ਸੁਣ ਮੇਰਿਆ ਸੱਜਣਾ
ਅਸਾਂ ਤੇਰੇ ਨਾਲ ਹੱਸਣਾ।
(ਦੋ ਗਾਣਾ ਖਤਮ ਹੁੰਦਾ ਹੈ, ਸਟੇਜ ਸਕੱਤਰ ਇੱਕ ਵਾਰ ਫਿਰ ਮਾਈਕ ਫੜੀ ਸਟੇਜ 'ਤੇ ਆਉਂਦਾ ਹੈ)

ਸਟੇਜ ਸਕੱਤਰ : ਹਾਜ਼ਰੀਨ, ਅੰਤਰ ਕਾਲਜ ਦੋ ਗਾਨਿਆਂ ਦੀ ਪ੍ਰਤੀਯੋਗਤਾ ਵਿਚ ਸਾਰੀਆਂ ਆਈਟਮਾਂ ਪੇਸ਼ ਹੋ ਚੁੱਕੀਆਂ ਹਨ। ਤੁਸੀਂ ਨਤੀਜੇ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹੋਵੋਗੇ। ਮੈਂ ਅੱਜ ਦੇ ਮੁੱਖ ਜੱਜ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਟੇਜ 'ਤੇ ਆ ਕੇ ਹਾਜ਼ਰੀਨ ਦੇ ਰੂਬਰੂ ਹੋਣ ਅਤੇ ਜਜਮੈਂਟ ਵੀ ਸੁਣਾਉਣ।
(ਤਾੜੀਆਂ ਦੀ ਆਵਾਜ਼ ਦਰਮਿਆਨ ਮੁੱਖ ਜੱਜ ਸਟੇਜ 'ਤੇ ਪੇਸ਼ ਹੁੰਦਾ ਹੈ)

ਮੁੱਖ ਜੱਜ : ਹਾਜ਼ਰੀਨ ਸਰੋਤਾ ਮੰਡਲ, ਤੁਸੀਂ ਦੋ ਗਾਨਿਆਂ ਦੀਆਂ ਮੌਲਿਕ ਰਚਨਾਵਾਂ ਦੀਆਂ ਪੇਸ਼ਕਾਰੀਆਂ ਦਾ ਭਰਪੂਰ ਲੁਤਫ਼ ਲੈ ਚੁੱਕੇ ਹੋ। ਲਗਪਗ ਸਾਰੇ ਹੀ ਦੋਗਾਣੇ ਰੁਮਾਂਟਿਕ ਕਿਸਮ ਦੇ ਸਨ ਅਤੇ ਇਹ ਕਾਲਜ-ਵਿਦਿਆਰਥੀਆਂ ਦੀ ਕਲਮ ਤੋਂ ਸਨ। ਸੋ ਕੁਦਰਤੀ ਹੈ ਕਿ ਇਸ ਉਮਰ 'ਚ ਜ਼ਿਆਦਾ ਵਿਦਿਆਰਥੀ ਰੁਮਾਂਟਿਕ ਹੀ ਲਿਖਦੇ ਹਨ। ਡਿਊਟ ਗਾਣੇ ਵੈਸੇ ਵੀ ਕਲਾਕਾਰਾਂ ਵੱਲੋਂ ਰੁਮਾਂਟਿਕ ਹੀ ਪੇਸ਼ ਕੀਤੇ ਜਾਂਦੇ ਹਨ। ਤੁਸੀਂ ਬੇਸਬਰੀ ਨਾਲ ਨਤੀਜੇ ਦੀ ਇੰਤਜ਼ਾਰ ਕਰ ਰਹੇ ਹੋਵੋਗੇ। ਸੋ ਅੱਜ ਦੀ ਪ੍ਰਤੀਯੋਗਤਾ ਦਾ ਤੀਜਾ ਇਨਾਮ ਮਿੰਟੂ ਅਤੇ ਕਮਲ ਨੂੰ, ਦੂਜਾ ਇਨਾਮ ਵਿੱਕੀ ਅਤੇ ਬੰਟੀ ਨੂੰ ਅਤੇ ਪਹਿਲਾ ਇਨਾਮ ਉਸ ਜੋੜੀ ਨੂੰ ਜਾਂਦਾ ਹੈ ਜਿਸ ਨੇ ਬਿਲਕੁਲ ਸੁਰ 'ਚ ਗਾਇਆ, ਜਿਨ੍ਹਾਂ ਦਾ ਫੇਸ ਇੰਪਰੈਸ਼ਨ ਕਮਾਲ ਦਾ ਸੀ ਤੇ ਡਰੈੱਸ ਵੀ ਖ਼ੂਬ ਜਚਵੀਂ ਸੀ, ਐਕਸ਼ਨ ਬਿਲਕੁਲ ਨੈਚਰਲ ਸਨ। (ਮੁਸਕਰਾਉਂਦੇ ਹੋਏ) ਤੁਸੀਂ ਜਾਣ ਹੀ ਚੁੱਕੇ ਹੋਵੋਗੇ.....ਕਿਉਂਕਿ ਦਰਸ਼ਕ ਵੀ ਤਾਂ ਆਪਣੀ ਥਾਂ ਜੱਜ ਹੀ ਹੁੰਦੇ ਨੇ।

ਦਰਸ਼ਕਾਂ ਵਿੱਚੋਂ
ਆਵਾਜ਼ਾਂ : ਸੋਨੀ, ਕੁਲਵੀਰ।

ਮੁੱਖ ਜੱਜ : ਐਬਸੋਲਿਊਟਲੀ ਰਾਈਟ, ਸੋ ਜੇਤੂ ਟਰਾਫੀ ਪ੍ਰਾਪਤ ਕਰਨ ਸਟੇਜ ਤੇ ਤਸ਼ਰੀਫ ਫਰਮਾ ਹੋਣ ਸੋਨੀ ਅਤੇ ਕੁਲਵੀਰ।

(ਕੁਲਵੀਰ ਅਤੇ ਸੋਨੀ ਸਟੇਜ 'ਤੇ ਆ ਕੇ ਮੁੱਖ ਜੱਜ ਤੋਂ ਟਰਾਫੀ ਪ੍ਰਾਪਤ ਕਰਦੇ ਹਨ। ਦਰਸ਼ਕਾਂ ਦੀਆਂ ਤਾੜੀਆਂ ਦਰਮਿਆਨ ਕੁਲਵੀਰ, ਸੋਨੀ ਮੁਸਕਰਾਹਟਾਂ ਸਾਂਝੀਆਂ ਕਰਦੇ ਹਨ)

ਕੰਗਰਾਚੂਲੇਸ਼ਨਜ਼।

ਕੁਲਵੀਰ, ਸੋਨੀ : ਥੈਂਕ ਯੂ ਸਰ।

(ਮੁੱਖ ਜੱਜ ਦੇ ਜਾਣ ਬਾਅਦ ਕਾਲਜ ਦੇ ਕੁੱਝ ਲੜਕੇ ਅਤੇ ਲੜਕੀਆਂ ਸਟੇਜ 'ਤੇ ਆ ਕੇ ਕੁਲਵੀਰ ਅਤੇ ਸੋਨੀ ਨਾਲ ਫੋਟੋ ਕਰਵਾਉਂਦੇ ਹਨ। ਉਹ ਵੀ ਸਟੇਜ ਤੋਂ ਹੇਠਾਂ ਆ ਜਾਂਦੇ ਹਨ। ਹੁਣ ਸਟੇਜ 'ਤੇ ਕੁਲਵੀਰ ਅਤੇ ਸੋਨੀ ਹੀ ਰਹਿ ਜਾਂਦੇ ਹਨ)

ਕੁਲਵੀਰ : ਸੋਨੀ ਮੁਬਾਰਕ ਹੋਵੇ।

ਸੋਨੀ : ਫਿਫਟੀ ਫਿਫਟੀ।

ਕੁਲਵੀਰ : ਮੈਨੂੰ ਇੰਜ ਲੱਗ ਰਿਹੈ ਮੈਂ ਅਜੇ ਵੀ ਗੀਤ ਗਾ ਰਿਹਾਂ, ਨਹੀਂ ਸੱਚ ਤੂੰ ਗੀਤ ਗਾ ਰਹੀ ਏਂ। ਤੇਰੀ ਮਿੱਠੀ ਆਵਾਜ਼ ਮੇਰੇ ਕੰਨਾਂ ਨੂੰ ਮੰਤਰ ਮੁਗਧ...

ਸੋਨੀ : ਤੂੰ ਵੀ ਤਾਂ ਰਿਦਮ 'ਚ ਗਾਇਆ ਸੀ।

ਕੁਲਵੀਰ : ਸਟੇਜ 'ਤੇ ਤੇਰਾ ਸਾਥ ਸੀ, ਪਤਾ ਈ ਨਹੀਂ ਚੱਲਿਆ ਕਿਵੇਂ ਸੁਰ 'ਚ ਗੀਤ ਚਲਦਾ ਰਿਹਾ। ਤੇਰੇ ਚਿਹਰੇ ਦੇ ਹਾਵ ਭਾਵ...ਟੁੰਬ ਰਹੇ ਸੀ ਦਿਲ ਨੂੰ।

ਸੋਨੀ : ਤੇਰਾ ਫੇਸ ਇੰਪਰੈਸ਼ਨ ਕਿੰਨਾ ਨੈਚੁਰਲ ਸੀ।

ਕੁਲਵੀਰ : (ਮਸਤੀ ਵਿੱਚ) ਸੱਚ?

ਸੋਨੀ : ਹਾਂ, ਕਲਾਸ 'ਚ ਵੀ ਤੂੰ ਨੈਚੁਰਲ ਈ ਹੁੰਦੈਂ। ਬਨਾਉਟੀ ਚਿਹਰੇ ਬਥੇਰੇ ਨੇ ਕਾਲਜ ਵਿੱਚ।

ਕੁਲਵੀਰ : ਕਲਾਸ ਵਿਚ ਤੇਰਾ ਮੇਰਾ ਹੀ ਮੁਕਾਬਲਾ ਹੁੰਦੈ, ਕਦੇ ਤੂੰ ਫਸਟ ਕਦੇ ਮੈਂ।

ਸੋਨੀ : (ਮੁਸਕਰਾਉਂਦੀ ਹੋਈ) ਅੱਜ ਤਾਂ ਆਪਾਂ ਦੋਵੇਂ ਫਸਟ ਆਏ ਹਾਂ।

ਕੁਲਵੀਰ : ਡਰੀਮ ਕਮ ਟਰੂ।

ਸੋਨੀ : ਸੁਫਨਾ ਸੱਚ ਹੋਇਐ। ਪਰ ਸਲਾਨਾ ਇਮਤਿਹਾਨ 'ਚ ਵੇਖਦੇ ਹਾਂ ਕੀਹਦਾ ਸੁਫਨਾ ਸੱਚ ਹੁੰਦੈ।

ਕੁਲਵੀਰ : ਤੇਰਾ ਮੇਰਾ ਮੁਕਾਬਲਾ?



ਸੋਨੀ : ਹਾਂ, ਮੇਰੇ ਵੱਲੋਂ ਚੈਲਿੰਜ ਏ ਤੈਨੂੰ।

ਕੁਲਵੀਰ : ਮਜ਼ਾ ਆਏਗਾ। ਵੈਸੇ ਵੀ ਤੇਰੇ ਨਾਲ ਮੁਕਾਬਲਾ ਹੋਵੇ, ਮਾਣ ਵਾਲੀ ਗੱਲ ਹੁੰਦੀ ਏ।

ਸੋਨੀ : ਕਿਵੇਂ?

ਕੁਲਵੀਰ : ਜੇ ਮੈਂ ਫਸਟ ਆਇਆ ਤਾਂ ਵੀ ਖੁਸ਼ੀਆਂ, ਜੇ ਤੂੰ ਫਸਟ ਆਈ ਤਾਂ ਵੀ....

ਸੋਨੀ : ਹਾਰ ਕੇ ਵੀ?

ਕੁਲਵੀਰ : ਤੇਰੇ ਤੋਂ ਮਿਲੀ ਹਾਰ ਵੀ ਜਿੱਤ ਵਰਗੀ ਜਾਪਦੀ ਏ।

ਸੋਨੀ : ਐਨਾ ਖੁੱਲ੍ਹਾ ਦਿਲ?

ਕੁਲਵੀਰ : ਕਿਸਾਨ ਦਾ ਪੁੱਤਰ ਜੁ ਹੋਇਆ। ਅਸੀਂ ਪੈਲੀਆਂ ਦੇ ਪੁੱਤਰ ਤਕੜੇ ਦਿਲਾਂ ਦੇ ਮਾਲਕ ਹੁੰਦੇ ਹਾਂ।

ਸੋਨੀ : (ਥੋੜ੍ਹੀ ਹੈਰਾਨ ਹੁੰਦੀ ਹੋਈ) ਪਰ....ਇੱਕ ਹੱਟੀ ਵਾਲੇ ਦੀ ਲੜਕੀ ਦੇ ਫਸਟ ਆਉਣ 'ਤੇ ਪੈਲੀਆਂ ਦਾ ਪੁੱਤਰ ਖੁਸ਼ ਹੋ ਸਕਦੈ?.... ਮੇਰੇ ਦਾਦੇ ਦੇ ਵੀ ਨਿੱਕੇ ਨਿੱਕੇ ਖੇਤ ਨੇ ਪਹਾੜਾਂ 'ਤੇ। ਪਰ ਮੇਰੇ ਡੈਡੀ ਨੇ ਇੱਥੇ ਆ ਕੇ ਹੱਟੀ ਪਾ ਲਈ।

ਕੁਲਵੀਰ : ਸੋਨੀ, ਤੁਹਾਨੂੰ ਪਹਾੜੀ ਇਲਾਕਾ ਛੱਡਿਆਂ ਕਿੰਨੇ ਸਾਲ ਹੋ ਗਏ?

ਸੋਨੀ : (ਸੋਚਦੀ ਹੋਈ) ਵਾਹਵਾ ਸਾਲ ਹੋ ਗਏ ਨੇ।

ਕੁਲਵੀਰ : ਵਾਹ, ਠੇਠ ਪੰਜਾਬੀ 'ਵਾਹਵਾ ਸਾਲ'।

ਸੋਨੀ : ਚੰਗੀ ਨਹੀਂ ਲਗਦੀ?

ਕੁਲਵੀਰ : ਸ਼ਹਿਦ ਤੋਂ ਵੱਧ ਮਿੱਠੀ ਏ। ਸੋਨੀ, ਤੁਹਾਡੇ ਘਰ ਪੰਜਾਬੀ ਚਲਦੀ ਏ ਜਾਂ ਪਹਾੜੀ?

ਸੋਨੀ : ਮੰਮੀ ਬੋਲ ਲੈਂਦੀ ਏ ਪਹਾੜੀ ਜਾਂ ਫੋਨ 'ਤੇ ਰਿਸ਼ਤੇਦਾਰਾਂ ਨਾਲ ਗੱਲ ਕਰਦੀ ਏ ਹਿੰਦੀ 'ਚ, ਬਾਕੀ ਸਾਡੇ ਸਾਰੇ ਮੁਹੱਲੇ 'ਚ ਠੇਠ ਪੰਜਾਬੀ ਹੀ ਚਲਦੀ ਏ।

ਕੁਲਵੀਰ : ਤੂੰ ਵੀ ਬੋਲ ਲੈਂਦੀ ਏਂ ਪਹਾੜੀ?

ਸੋਨੀ : ਮੈਂ ਤਾਂ ਇਸੇ ਨਗਰ 'ਚ ਪਲੀ ਆਂ, ਵੱਡੀ ਹੋਈ ਆਂ। ਆਪਾਂ ਗੱਪਾਂ ਮਾਰੀਆਂ ਪੰਜਾਬੀ 'ਚ, ਟਿੱਚਰਾਂ ਕੀਤੀਆਂ ਪੰਜਾਬੀ 'ਚ, ਨੱਚਿਆ ਗਾਇਆ ਤਾਂ ਵੀ ਪੰਜਾਬੀ 'ਚ। ਪਹਾੜੀ 'ਚ ਮੈਂ ਇੰਨੀ ਕੁ ਵਿਦਵਾਨ ਹਾਂ ਜਿੰਨਾ ਕੁ ਤੂੰ। (ਹੱਸਦੀ ਹੈ)

ਕੁਲਵੀਰ : ਫਿਰ ਤੂੰ.....ਬਾਕੀ ਜ਼ਿੰਦਗੀ ਪੰਜਾਬ 'ਚ ਹੀ ਬਿਤਾਏਂਗੀ। (ਸੋਨੀ ਗੰਭੀਰ ਹੋ ਜਾਂਦੀ ਹੈ) ਸੋਨੀ, ਕੀ ਹੋਇਐ?

ਸੋਨੀ : (ਉਦਾਸ ਆਵਾਜ਼ ਵਿਚ) ਕੰਚਨ ਦੀ ਯਾਦ ਆ ਗਈ...

ਕੁਲਵੀਰ : (ਹੈਰਾਨੀ ਵਿੱਚ) ਕੰਚਨ?

ਸੋਨੀ : ਕੰਚਨ ਮੇਰੀ ਵੱਡੀ ਭੈਣ ਏ। ਇਸੇ ਕਾਲਜ 'ਚ ਪੜ੍ਹਦੀ ਸੀ, ਮੈਥੋਂ ਤਿੰਨ ਜਮਾਤਾਂ ਸੀਨੀਅਰ ਸੀ। ਉਹਨੂੰ ਪਹਾੜਾਂ 'ਚ ਵਿਆਹ ਦਿੱਤਾ ਗਿਐ। ਅੱਛਾ ਕੁਲਵੀਰ, ਮੈਂ ਚਲਦੀ ਆਂ।

ਕੁਲਵੀਰ : ਪਰ ਕੰਚਨ ਬਾਰੇ ਕੁੱਝ?

ਸੋਨੀ : ਫਿਰ ਕਿਸੇ ਟਾਈਮ ਕਰਾਂਗੇ ਗੱਲ। ਚੰਗਾ, ਬਾਏ।

ਕੁਲਵੀਰ : (ਉਦਾਸੀ ਵਿੱਚ) ਬਾਏ....ਫਿਰ ਮਿਲਾਂਗੇ।

ਸੋਨੀ : ਓ.ਕੇ. (ਜਾਂਦੀ ਹੈ)

ਕੁਲਵੀਰ : (ਆਪਣੇ ਆਪ ਨਾਲ) ਮੁਕਾਬਲਾ ਜਿੱਤ ਕੇ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ....ਐਵੇਂ ਪਹਾੜਾਂ ਦੀਆਂ ਗੱਲਾਂ ਛੇੜ ਲਈਆਂ। ਸੋਨੀ.... ਬੀ ਹੈਪੀ।

(ਹਨ੍ਹੇਰਾ ਹੋ ਜਾਂਦਾ ਹੈ)

## ਦ੍ਰਿਸ਼ ਦੂਜਾ

ਸਥਾਨ : ਸੋਨੀ ਦਾ ਘਰ (ਸਰਿਤਾ ਅਤੇ ਸੋਨੀ ਚਾਹ ਪੀ ਰਹੀਆਂ ਹਨ, ਦੋਵੇਂ ਕੁਝ ਤਨਾਓ ਦੀ ਸਥਿਤੀ ਵਿੱਚ ਹਨ)

ਸਰਿਤਾ : ਕਿਤਨੀ ਬਾਰ ਕਹਾ ਤੁਮੇ, ਕੁਛ ਸੀਖ ਲੇ ਅਪਨੀ ਬੋਲੀ। ਪਰੰਤੂ ਤੂਨੇ ਕਿਆ ਸੀਖਾ?

ਸੋਨੀ : ਮੰਮੀ, ਮੈਨੂੰ ਆਪਣੀ ਬੋਲੀ ਬੋਲਣ ਦੇ। ਤੂੰ ਬੋਲੀ ਜਾ ਆਪਣੀ ਬੋਲੀ ਚਾਅ ਨਾਲ।

ਸਰਿਤਾ : ਤੁਮ ਕਬ ਸੀਖੋਗੀ ਅਪਨੀ ਮਾਤ ਭਾਸ਼ਾ? ਕਲ੍ਹ ਕੋ ਜਬ ਸ਼ਾਦੀ ਉਪਰਾਂਤ ਪਹਾੜੋਂ ਪਰ ਜਾਏਗੀ ਤੋ ਕੌਣ ਸੁਣੇਗਾ ਤੇਰੀ ਬੋਲੀ?

ਸੋਨੀ : ਮੰਮੀ, ਛੱਡ ਪਰ੍ਹੇ ਇਵੇਂ ਦੀਆਂ ਗੱਲਾਂ। ਮੈਂ ਸਲਾਨਾ ਪੇਪਰ ਦੇਣੇ ਨੇ, ਅਜੇ ਮੈਂ ਆਪਣੀ ਲਾਈਫ ਬਣਾਉਣੀ ਏ ਵੱਧ ਤੋਂ ਵੱਧ ਨੰਬਰ ਲੈ ਕੇ।

ਸਰਿਤਾ : ਤੂ ਡਿਪਟੀ ਕਮਿਸ਼ਨਰ ਬਣ ਜਾਏਗੀ ਬੀ.ਏ. ਕਰਨੇ ਕੇ ਪਸ਼ਚਾਤ! (ਕੰਚਨ ਆਉਂਦੀ ਹੈ, ਉਸ ਦੇ ਹੱਥ ਵਿੱਚ ਇੱਕ ਲਿਫਾਫ਼ਾ ਹੈ।) ਆ ਮੇਰੀ ਬੇਟੀ, ਕੈਸੇ ਹੋ?

ਕੰਚਨ : (ਲੜਖੜਾਉਂਦੀ ਆਵਾਜ਼ ਵਿਚ) ਮੰਮੀ....ਪਾਣੀ....

ਸੋਨੀ : ਕੰਚਨ ਠੀਕ ਏਂ ਤੂੰ?

ਕੰਚਨ : ਤੈਨੂੰ ਵੇਖ ਕੇ ਠੀਕ ਹਾਂ ਸੋਨੀ।

ਸਰਿਤਾ : (ਕੰਚਨ ਨੂੰ ਪਾਣੀ ਦਾ ਗਲਾਸ ਦਿੰਦੀ ਹੋਈ) ਲੇ ਪੀ ਲੇ ਪਾਣੀ। (ਕੰਚਨ ਤੇਜ਼ੀ ਤੇਜ਼ੀ ਪਾਣੀ ਪੀਂਦੀ ਹੈ) ਆਜ ਲਿਫਾਫ਼ਾ ਲੇ ਕਰ ਆਈ, ਤੇਰਾ ਅਟੈਚੀ ਕੇਸ ਕਹਾਂ ਗਯਾ?

ਕੰਚਨ : ਮੰਮੀ, ਹਿੰਮਤ ਨਹੀਂ ਪਈ ਸਰੀਰ ਦੀ ਅਟੈਚੀ ਚੁੱਕਣ ਵਾਸਤੇ।

ਸਰਿਤਾ : ਅਪਨੇ ਸਸੁਰਾਲ ਕਾ ਹਾਲ ਬਤਾ?

ਕੰਚਨ : ਕੀ ਕਰਾਂ ਸਸੁਰਾਲ ਨੂੰ....ਸਰੀਰ 'ਚ ਜਾਨ ਨਹੀਂ...ਮੈਨੂੰ ਲੇਟ ਲੈਣ ਦੇ ਜ਼ਰਾ।

ਸਰਿਤਾ : ਤੂਨੇ ਸੀਖੀ ਨਹੀਂ ਉਧਰ ਕੀ ਬੋਲੀ?

ਕੰਚਨ : ਬੋਲ ਲੈਣੀ ਆਂ ਗੁਜ਼ਾਰੇ ਜੋਗੀ...ਜਦ ਸਰੀਰ ਦੀ ਤਾਕਤ ਜਵਾਬ ਦੇ ਦਿੰਦੀ ਏ ਤਾਂ ਇੱਥੋਂ ਦੀ ਬੋਲੀ ਆਪਣੇ ਆਪ ਜ਼ੁਬਾਨ 'ਤੇ ਆ ਜਾਂਦੀ ਏ।

ਸਰਿਤਾ : ਤੇਰੇ ਲੀਏ ਖਾਨਾ ਤਿਆਰ ਕਰਤੀ ਹੂੰ। ਲੇਟ ਜਾ ਚਾਰਪਾਈ ਪੇ। ਨਾ ਜਾਨੇ ਇਸ ਲੜਕੀ ਪਰ ਕੌਣ ਸਾ ਸਰਾਪ ਪੜ ਗਯਾ। (ਸਰਿਤਾ ਚਲੀ ਜਾਂਦੀ ਹੈ)

ਸੋਨੀ : ਕੰਚਨ ਮੇਰੀ ਭੈਣ, ਤੇਰਾ ਇਹ ਹਾਲ?

ਕੰਚਨ : ਜਿੱਥੇ ਧੱਕੇ ਨਾਲ ਜੂੜ ਦਿੱਤਾ ਜਾਏ....ਕਿਵੇਂ ਖੁਸ਼ ਰਹਿ ਸਕਦੈ ਮਨ।

ਸੋਨੀ : ਤੇਰਾ ਚਿਹਰਾ ਵੇਖ ਕੇ ਤਾਂ ਮੇਰੀ ਜਾਨ ਹੀ ਨਿਕਲ ਗਈ। ਦਗ ਦਗ ਕਰਦਾ ਗੁਲਾਬ ਵਰਗਾ ਚਿਹਰਾ ਸੀ ਤੇਰਾ....ਕਿਵੇਂ ਪੱਤਝੜ ਵਾਂਗ ਪੀਲਾ ਤੇਰਾ ਰੰਗ ਹੋ ਗਿਐ।

ਕੰਚਨ : ਹਾਂ, ਮੈਂ ਪੱਤਝੜ ਹੀ ਹਾਂ (ਡੂੰਘਾ ਸਾਹ ਲੈਂਦੀ ਹੋਈ) ਰੁੱਤਾਂ ਬਦਲਦੀਆਂ ਸੀ ਕਦੇ ਮੇਰੀ ਲਾਈਫ 'ਚ...ਬਹਾਰਾਂ ਸੰਗ ਚੁੰਗੀਆਂ ਭਰਦੀ ਸੀ.... ਪਰ ਹੁਣ ਤਰਸ ਗਈ ਹਾਂ ਬੀਤ ਗਏ ਨੂੰ।

ਸੋਨੀ : (ਉਦਾਸੀ ਵਿਚ) ਤਾਂ ਹੀ ਤਾਂ ਹਲਕਾ ਜਿਹਾ ਲਿਫਾਫ਼ਾ ਤੇਰੇ ਹੱਥਾਂ 'ਚ ਡੋਲਦਾ ਪਿਆ ਸੀ। (ਗੱਲ ਬਦਲਦੀ ਹੋਈ) ਹਾਂ ਸੱਚ, ਸਪੋਰਟਸ ਕੋਚ ਤੇਰੀਆਂ ਸਿਫਤਾਂ ਦੇ ਪੁਲ ਬੰਨ੍ਹਦੀ ਸੀ।

ਕੰਚਨ : (ਉਤਸੁਕਤਾ ਵਿਚ) ਕੀ ਕਹਿੰਦੀ ਸੀ ਮੈਡਮ? ਮੈਨੂੰ ਅਜੇ ਵੀ ਯਾਦ ਕਰਦੀ ਏ?

ਸੋਨੀ : ਤੇਰੀਆਂ ਮਿਸਾਲਾਂ ਦੇ ਕੇ ਉਹ ਹੋਰ ਖਿਡਾਰਨਾਂ ਨੂੰ ਪ੍ਰੇਰਦੀ ਸੀ। ਕਹਿੰਦੀ ਸੀ-ਸੋਨੀ ਦੀ ਸਿਸਟਰ ਕੰਚਨ ਨੇ ਦੌੜਾਂ 'ਚ ਯੂਨੀਵਰਸਿਟੀ ਦੇ ਕਈ ਰਿਕਾਰਡ ਤੋੜੇ ਤੇ ਕਾਲਜ ਦਾ ਨਾਂ ਰੋਸ਼ਨ ਕਰ ਦਿੱਤਾ।

(ਕੰਚਨ ਦੇ ਚਿਹਰੇ 'ਤੇ ਚਮਕ ਆਉਂਦੀ ਹੈ)

ਕੰਚਨ : ਹਾਂ, ਉਹ ਵਕਤ ਮੇਰਾ ਗੋਲਡਨ ਪੀਰੀਅਡ ਸੀ। ਕਾਲਜ ਦੇ ਟਾਈਮ ਦਾ ਇੱਕ ਇੱਕ ਪਲ ਹੈਵਨ ਸੀ ਹੈਵਨ। ਕਾਲਜ ਵੱਲੋਂ ਜਿੰਨੇ ਟੂਰ ਪ੍ਰੋਗਰਾਮ ਬਣਾਏ ਗਏ, ਮੇਰੀਆਂ ਹੁਸੀਨ ਯਾਦਾਂ ਬਣ ਗਏ।... ਤੂੰ ਤਾਂ ਖੁਸ਼ ਏਂ ਨਾ ਸੋਨੀ?

ਸੋਨੀ : ਪੂਰੀ ਮਸਤੀ ਮਾਰਦੇ ਆਂ। ਪੜ੍ਹਾਈ 'ਚ ਵੀ ਟਾਪ 'ਤੇ। ਗਾਉਣ ਵਿੱਚ ਜਾਂ ਗਿੱਧਾ ਪਾਉਣ ਵਿਚ ਵੀ ਮੇਲਾ ਆਪਾਂ ਈ ਲੁੱਟਣਾ ਹੁੰਦੈ।

ਕੰਚਨ : ਅਖ਼ਬਾਰਾਂ 'ਚ ਤੇਰੇ ਬਾਰੇ ਖ਼ਬਰਾਂ ਪੜ੍ਹਦੀ ਹੀ ਰਹਿੰਦੀ ਹਾਂ, ਤੇਰੀ ਫੋਟੋ ਨੂੰ 'ਕਿਸ' ਕਰਦੀ ਹਾਂ ਤਾਂ ਮਨ ਵੀ ਥੋੜ੍ਹੇ ਚਿਰ ਟਿਕਾਣੇ ਆ ਜਾਂਦੈ....ਫਿਰ ਆਪਣੇ ਸਮਿਆਂ ਨੂੰ ਯਾਦ ਕਰਦੀ ਹਾਂ ਤੇ ਗ਼ਮਾਂ ਦੇ ਸਮੁੰਦਰ 'ਚ ਗੋਤੇ ਖਾ ਰਹੀ ਹੁੰਦੀ ਹਾਂ।

ਸੋਨੀ : ਜੀਜੇ ਦਾ ਕੀ ਹਾਲ ਏ?

ਕੰਚਨ : ਕਲਰਕਾਂ ਦਾ ਕਾਹਦਾ ਹਾਲ। ਸਿਰ ਤੁੰਨਿਆ ਹੁੰਦੈ ਕਾਗਜ਼ਾਂ ਦੇ ਢੇਰ ਵਿਚ ਚੌਵੀ ਘੰਟੇ।

ਸੋਨੀ : ਤੇਰੇ ਨਾਲ ਤਾਂ ਠੀਕ ਏ ਨਾ?

ਕੰਚਨ : ਮੇਰੇ ਨਾਲੋਂ ਵੱਧ ਫਿਕਰ ਰਹਿੰਦੈ ਫਾਈਲਾਂ ਦਾ। ਥੋੜ੍ਹੀ ਵਿਹਲ ਹੋਵੇ ਤਾਂ ਸਿਗਰਟ ਪੀਂਦੈ, ਨਾਲ ਈ ਸਾਰਾ ਕਮਰਾ ਧੂੰਏਂ ਨਾਲ ਭਰ ਜਾਂਦੈ। ਰਾਤ ਕਦੇ ਖੰਘਣ ਲੱਗ ਪੈਂਦੈ ਤੇ ਨਾਲ ਮੇਰੀ ਜਾਨ ਵੀ ਸੂਲੀ 'ਤੇ.... (ਰੋ ਪੈਂਦੀ ਹੈ)

ਸੋਨੀ : ਓ ਮਾਈ ਗਾਡ! ਬੜੀ ਟੱਫ ਏ ਲਾਈਫ ਤੇਰੀ।

ਕੰਚਨ : ਦਫਤਰੋਂ ਫਾਈਲਾਂ ਘਰ ਚੁੱਕ ਲਿਆਉਂਦਾ ਏ। ਦਸ ਵੀਹ ਰੁਪਏ ਪਿੱਛੇ ਐਰੇ ਗੈਰੇ ਦੇ ਫਾਰਮ ਭਰਦਾ ਰਹਿੰਦੈ।

ਸੋਨੀ : ਪੈਸੇ ਦਾ ਪੀਰ। ਰਿਸ਼ਵਤ ਤਾਂ ਨਹੀਂ ਲੈਂਦਾ ਲੋਕਾਂ ਤੋਂ?

ਕੰਚਨ : ਛੱਡਦਾ ਕੀਹਨੂੰ ਏ। ਇਕ ਗਰੀਬ ਬੰਦੇ ਕੋਲ ਰਿਸ਼ਵਤ ਦੇਣ ਲਈ



ਵੀਹ ਰੁਪਏ ਨਹੀਂ ਸਨ ਤਾਂ ਉਸ ਪਾਸੋਂ ਸਿਗਰਟਾਂ ਦੀ ਹੀ ਡੱਬੀ ਮੰਗਵਾ ਲਈ।

ਸੋਨੀ : ਹਾਏ ਮੈਂ ਮਰ ਗਈ, ਕਾਹਦਾ ਹੋਇਆ ਮਿਆਰ ਉਸਦਾ।

ਕੰਚਨ : ਉਹਦੇ ਐਸੇ ਮਿਆਰ ਨੇ ਮੈਨੂੰ ਕੀਤੈ ਬਿਮਾਰ। ਮੇਰਾ ਬਲੱਡ ਪਰੈਸ਼ਰ ਘੱਟ ਜਾਂਦੈ, ਚੱਕਰ ਆਉਣ ਲਗਦੇ ਨੇ..... ਖ਼ੂਨ ਵੀ ਪੂਰਾ ਨਹੀਂ।

ਸੋਨੀ : ਕੰਚਨ ਮੇਰੀ ਭੈਣ, ਤੂੰ ਸਾਡੇ ਕੋਲ ਰਹਿ ਦੋ ਚਾਰ ਮਹੀਨੇ। ਨੌ ਬਰ ਨੌ ਹੋ ਜਾਏਂਗੀ।

ਕੰਚਨ : ਮੰਮੀ ਰਹਿਣ ਦੇਵੇਗੀ ਤਾਂ ਹੀ ਨਾ?

ਸੋਨੀ : ਮੰਮੀ ਨੂੰ ਆਖਾਂਗੀ ਰੋੜ੍ਹ ਦੇ ਫਿਰ ਦਰਿਆ 'ਚ, ਬਿਆਸ ਦਰਿਆ ਨੇੜੇ ਈ ਵਗਦੈ।

ਕੰਚਨ : ਸਿਸਕ ਸਿਸਕ ਕੇ ਜੀਣ ਨਾਲੋਂ ਤਾਂ ਦਰਿਆ ਵਿਚ ਹੀ ਛਾਲ ਮਾਰਨੀ ਚੰਗੀ ਏ।

(ਪਿੱਛੋਂ ਸਰਿਤਾ ਦੇ ਗੀਤ ਗਾਉਣ ਦੀ ਆਵਾਜ਼ ਆਉਂਦੀ ਹੈ)

ਗੀਤ ਦੀ ਆਵਾਜ਼ : ਮੇਰੇ ਪਰਵਤ ਗਰਜੇ ਗੂੰਜੇ, ਨਦਿਆਂ ਫੁੰਕਾਰੇ ਪਾਏ,
ਧਰਤੀ ਨੇ ਕਰਵਟ ਬਦਲੀ, ਗਗਨ ਭੀ ਸ਼ੋਰ ਮਚਾਏ,
ਪੱਥਰ ਕੰਨੈ ਟੋਹਲੀ ਬੋਹਲਣ, ਰਿਢਿਆਂ ਪਰ ਪਖਰੂ ਗਾਏ,
ਮੋਰਾਂ ਨੇ ਪਾਇਲ ਪਾਈ, ਗਾ-ਬਛੂ ਖ਼ੂਬ ਰੰਭਾਏ।

ਕੰਚਨ : ਮੰਮੀ ਗਾਉਂਦੀ ਪਈ ਏ ਪਹਾੜੀ ਗੀਤ।

ਸੋਨੀ : ਰਸੋਈ 'ਚ ਗਾ ਕੇ ਮਨ ਪਰਚਾ ਲੈਂਦੀ ਏ, ਕਦੇ ਕਦੇ ਬਾਥਰੂਮ ਸਿੰਗਰ ਵੀ ਬਣ ਜਾਂਦੀ ਏ।

(ਸਰਿਤਾ ਦੇ ਗੀਤ ਦੀ ਆਵਾਜ਼ ਹੋਰ ਉੱਚੀ ਹੋ ਜਾਂਦੀ ਹੈ)

ਗੀਤ ਦੀ ਆਵਾਜ਼ : ਅਸਾਂ ਗਰ ਗਰ ਖ਼ੂਬ ਸਜਾਣਾ, ਕਨੈ ਅਪਨਾ ਆਪ ਬਣਾਨਾ,
ਦੂਖ ਦਲਿਦਰ ਦੂਰ ਨਸਾਹਣਾ, ਕਨੈ ਸੁੰਦਰ ਦੇਸ਼ ਬਨਾਣਾ।
ਅਸਾਂ ਸਾਦਾ ਖਾਣਾ-ਲਾਣਾ, ਕਨੈ ਬੱਤ ਬਟੂਰੂ ਖਾਣਾ,
ਅਸਾਂ ਅਪੂ ਭੀ ਖ਼ੁਸ਼ ਰੈਹਣਾ, ਕਨੈ ਦੁਨੀਆ ਜੋ ਖ਼ੂਬ ਹਸਾਣਾ।

ਕੰਚਨ : ਸੋਨੀ, ਤੂੰ ਕੋਈ ਗੀਤ ਸੁਣਾ ਆਪਣੀ ਮਿੱਠੀ ਆਵਾਜ਼ 'ਚ। ਮੈਂ ਲੇਟ ਕੇ ਸੁਣਦੀ ਹਾਂ।

(ਕੰਚਨ ਮੰਜੇ 'ਤੇ ਲੇਟ ਜਾਂਦੀ ਹੈ)

ਸੋਨੀ : (ਗਾਉਂਦੀ ਹੋਈ) ਦੋ ਪੱਤਰ ਅਨਾਰਾਂ ਦੇ,

ਸਾਡਾ ਦੁੱਖ ਸੁਣ ਕੇ,
ਰੋਂਦੇ ਪੱਥਰ ਪਹਾੜਾਂ ਦੇ।

ਕੰਚਨ : (ਖਿਝਦੀ ਹੋਈ) ਕੋਈ ਹੋਰ ਗਾ। ਤੈਨੂੰ ਕਿੰਨੇ ਗੀਤ ਜ਼ੁਬਾਨੀ ਯਾਦ ਨੇ।

ਸੋਨੀ : (ਗਾਉਂਦੀ ਹੋਈ) ਤੇਰੇ ਲੌਂਗ ਦਾ ਪਿਆ ਲਿਸ਼ਕਾਰਾ
ਹਾਲੀਆਂ ਨੇ ਹੱਲ ਡੱਕ ਲਏ।

ਕੰਚਨ : ਵਾਹ! ਗਾਈ ਜਾ....

ਸੋਨੀ : ਗੋਰਾ ਰੰਗ ਤੇ ਸ਼ਰਬਤੀ ਅੱਖੀਆਂ
ਘੁੰਡ ਵਿਚ ਕੈਦ ਕੀਤੀਆਂ।
ਰੱਬ ਵਰਗਾ ਆਸਰਾ ਤੇਰਾ
ਲੰਘੀਓਂ ਮਰੋੜਾ ਮਾਰ ਕੇ।
(ਕੰਚਨ ਨੂੰ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ)

ਸੋਨੀ : ਕੰਚਨ ਸੁਣਦੀ ਏਂ?

ਕੰਚਨ : (ਅੱਧ ਨੀਂਦੀ ਅਵਸਥਾ ਵਿਚ) ਹਾਂ...ਹਾਂ....ਹੋਰ ਗਾ।

ਸੋਨੀ : ਇਹ ਧਰਤ ਪੰਜਾਬ ਦੀ
ਜਿੱਥੇ ਵਗਦੇ ਪੰਜ ਦਰਿਆ।
ਇੱਥੇ ਮਿੱਟੀ ਉਗਲੇ ਸੋਨਾ
ਮੇਰਾ ਖੇਤ ਹਰਿਆ ਭਰਿਆ।
ਇਹ ਧਰਤ ਪੰਜਾਬ ਦੀ....
(ਗੀਤ ਗਾਉਣਾ ਬੰਦ ਕਰਦੀ ਹੈ)
ਕੰਚਨ ਤਾਂ ਸੌਂ ਗਈ, ਥੱਕੀ ਟੁੱਟੀ ਏ ਵਿਚਾਰੀ.... ਪਤਾ ਨਹੀਂ ਚੰਗੀ ਨੀਂਦਰ ਵੀ ਨਸੀਬ ਹੁੰਦੀ ਏ ਕਿ ਨਹੀਂ। ਹੁਣ ਤਾਂ ਘੋੜੇ ਵੇਚ ਕੇ ਸੁੱਤੀ ਪਈ ਏ। ਚੰਗਾ ਹੋਇਐ, ਜਾਗੇਗੀ ਤਾਂ ਸਾਰੀ ਥਕਾਵਟ ਉੱਡ ਪੁੱਡ ਜਾਵੇਗੀ।
(ਸੋਨੀ ਮੱਧਮ ਆਵਾਜ਼ ਵਿਚ ਗੁਣਗੁਣਾਉਂਦੀ ਹੈ)
ਇਹ ਧਰਤ ਪੰਜਾਬ ਦੀ,
ਜਿੱਥੇ ਵਗਦੇ ਪੰਜ ਦਰਿਆ।

(ਹਨ੍ਹੇਰਾ)



## ਦ੍ਰਿਸ਼ ਤੀਜਾ

ਸਥਾਨ : ਕਾਲਜ ਦਾ ਕੰਪਲੈਕਸ
(ਸੋਨੀ ਆਸੇ ਪਾਸੇ ਇੰਜ ਵੇਖ ਰਹੀ ਹੈ ਜਿਵੇਂ ਕਿਸੇ ਨੂੰ ਲੱਭ ਰਹੀ ਹੋਵੇ। ਫਿਰ ਆਪਣੇ ਆਪ ਨਾਲ ਗੱਲਾਂ ਕਰਨ ਲਗਦੀ ਹੈ)

ਸੋਨੀ : ਕਿੰਨਾ ਸੋਹਣਾ ਏ ਮੇਰਾ ਕਾਲਜ! ਇਹਦੇ ਲਾਅਨ 'ਚ ਬੈਠ ਕੇ ਸਹੇਲੀਆਂ ਨਾਲ ਖੁੱਲ੍ਹਾ ਡੁੱਲ੍ਹਾ ਹਾਸਾ ਹੱਸੀ। ਕਲਚਰਲ ਪ੍ਰੋਗਰਾਮ ਵਾਲੀ ਸਟੇਜ 'ਤੇ ਮੈਂ ਕਿੰਨੀ ਵਾਰ ਨੱਚੀ, ਕਿੰਨੇ ਗੀਤ ਗਾਏ। ਸਭ ਮਿੱਠੀਆਂ ਯਾਦਾਂ ਬਣ ਗਈਆਂ ਮੇਰੀਆਂ। ਜਦ ਕਦੇ ਮਨ ਬੇਚੈਨ ਹੁੰਦੈ ਤਾਂ ਕਾਲਜ ਦੀਆਂ ਯਾਦਾਂ ਮਨ 'ਚ ਐਸਾ ਰਸ ਭਰਦੀਆਂ ਨੇ ਕਿ ਮਨ ਅਰਸ਼ਾਂ 'ਚ ਉਡਾਰੀਆਂ ਮਾਰਨ ਲਗਦੈ। ਇਹਨਾਂ ਰਸਤਿਆਂ ਦੇ ਦੋਵੇਂ ਪਾਸੇ ਰੰਗ ਬਰੰਗੇ ਫੁੱਲ ਮੁਸਕਰਾਉਂਦੇ ਨੇ ਤਾਂ ਮੇਰੇ ਸੱਚੇ ਸਾਥੀ ਜਾਪਦੇ ਨੇ ਸੱਚੇ ਸਾਥੀ।
(ਕੁਲਵੀਰ ਆਉਂਦਾ ਹੈ)

ਕੁਲਵੀਰ : (ਸੋਨੀ ਦੇ ਸ਼ਬਦਾਂ ਨੂੰ ਸੁਣਨ ਉਪਰੰਤ) ਆਪਾਂ ਨਹੀਂ ਸੱਚੇ ਸਾਥੀ, ਸਾਡੇ 'ਚ ਕੋਈ ਖੋਟ ਏ?

ਸੋਨੀ : (ਖੁਸ਼ੀ ਵਿਚ) ਮੈਂ ਤੈਨੂੰ ਈ ਉਡੀਕ ਰਹੀ ਸੀ।

ਕੁਲਵੀਰ : ਤੇ ਮੇਰੀਆਂ ਨਜ਼ਰਾਂ ਤੈਨੂੰ ਈ ਲੱਭ ਰਹੀਆਂ ਸਨ ਇਹਨਾਂ ਫੁੱਲਾਂ ਵਿਚ।

ਸੋਨੀ : ਤੂੰ, ਮੈਂ ਤੇ ਇਹ ਫੁੱਲਾਂ ਦੇ ਨਜ਼ਾਰੇ।
(ਗਾਉਂਦੀ ਹੈ)
ਫੁੱਲ ਤਾਂ ਕਿੰਨੇ ਸੋਹਣੇ ਲਗਦੇ
ਇਹਦੇ ਵਿੱਚ ਕੀ ਰਾਜ ਹੈ।
ਤੈਨੂੰ ਵੇਖ ਕੇ ਸੋਹਣੇ ਹੋ ਗਏ
ਇਹ ਹੀ ਅਸਲੀ ਬਾਤ ਹੈ।

ਕੁਲਵੀਰ : ਵਾਹ! ਦਿਲ ਕਰਦੈ ਸੁਣੀ ਜਾਵਾਂ।

ਸੋਨੀ : ਕਿੱਥੇ ਰਹਿੰਦੇ ਹੋ ਜਨਾਬ?

ਕੁਲਵੀਰ : ਕੱਲ੍ਹ ਤੇਰੇ ਘਰ ਕੋਲੋਂ ਲੰਘਿਆ ਕਿ ਹਜ਼ੂਰ ਦੇ ਦੀਦਾਰ ਹੋ ਜਾਣ ਪਰ....ਤੇਰੇ ਮਹਿਲਾਂ ਨੂੰ ਸਿਜਦਾ ਕੀਤਾ ਤਾਂ ਦਿਲ ਨੂੰ ਠੰਡ ਪੈ ਗਈ।

ਸੋਨੀ : ਮੇਰੇ ਮਹਿਲ?

ਕੁਲਵੀਰ : ਜਿਹੜੇ ਥਾਂ ਸੋਨੀ ਰਹਿ ਰਹੀ ਹੋਵੇ, ਉਸ ਥਾਂ ਦੇ ਮੁਕਾਬਲੇ ਵੱਡੇ ਵੱਡੇ ਆਲੀਸ਼ਾਨ ਮਹਿਲ ਵੀ ਬੌਣੇ ਹੋ ਜਾਂਦੇ ਨੇ।

ਸੋਨੀ : ਹੁਣ ਬਸ ਵੀ ਕਰੋ ਕਵੀ ਸਾਹਿਬ. ਅੱਜ ਅਖੀਰਲਾ ਪੇਪਰ ਏ ਮਾਤ ਭਾਸ਼ਾ ਪੰਜਾਬੀ ਦਾ।

ਕੁਲਵੀਰ : ਪਹਿਲੇ ਪੇਪਰ ਕਿਵੇਂ ਰਹੇ ਸੋਨੀ?

ਸੋਨੀ : ਇੱਕ ਤੋਂ ਚੜ੍ਹਦਾ ਇੱਕ। ਐਕਸੇਲੈਂਟ, ਇੱਕ ਇੱਕ ਪੇਪਰ ਪੂਰੀ ਰੀਝ ਨਾਲ ਅਟੈਂਪਟ ਕੀਤੈ ਸੌ ਪਰਸੈਂਟ। ਕਿੱਥੋਂ ਨੰਬਰ ਕੱਟੇਗਾ ਅਗਜ਼ਾਮੀਨਰ। ਬਸ ਅੱਜ ਦਾ ਪੇਪਰ ਈ ਰਹਿ ਗਿਆ, ਇਹ ਤਾਂ ਆਪਣਾ ਈ ਪੇਪਰ ਏ।

ਕੁਲਵੀਰ : ਤੂੰ ਇੰਨੀ ਦੀਵਾਨੀ ਏਂ ਪੰਜਾਬੀ ਦੀ?

ਸੋਨੀ : ਹੋਵਾਂ ਵੀ ਕਿਉਂ ਨਾ। ਮੈਂ ਪੰਜਾਬਣ ਹਾਂ, ਮੈਂ ਪੂਰੀ ਪੰਜਾਬਣ ਹਾਂ।

ਕੁਲਵੀਰ : ਤੇਰੀ ਕਵਿਤਾ 'ਮੈਂ ਪੰਜਾਬਣ ਹਾਂ' ਕਮਾਲ ਦੀ ਕਵਿਤਾ ਸੀ। ਤੂੰ ਉਸ ਕਵਿਤਾ ਦਾ ਗਾਇਣ ਕਰਕੇ ਸਰੋਤੇ ਮੰਤਰ ਮੁਗਧ ਕਰ ਦਿੱਤੇ ਸੀ।

ਸੋਨੀ : ਪਤਾ ਨਹੀਂ ਉਹ ਕਵਿਤਾ ਮੈਂ ਕਿਵੇਂ ਲਿਖ ਦਿੱਤੀ। ਸ਼ਾਇਦ ਮੇਰੀ ਰੂਹ 'ਚੋਂ ਨਿਕਲੀ ਸੀ।

ਕੁਲਵੀਰ : (ਇੱਕ ਪਾਸੇ ਇਸ਼ਾਰਾ ਕਰਦਾ ਹੋਇਆ) ਸੋਨੀ, ਉਹ ਸਾਹਮਣੇ ਵੇਖ ਸਾਡੀ ਜਮਾਤ ਦੀਆਂ ਕੁੜੀਆਂ। ਕਿੰਨੀਆਂ ਹੀ ਕੁੜੀਆਂ ਨੇ ਜੀਨ ਦੀਆਂ ਪੈਂਟਾਂ ਪਾਈਆਂ ਨੇ। ਕਿਵੇਂ ਦੀਆਂ ਲਗਦੀਆਂ ਨੇ ਤੈਨੂੰ?

ਸੋਨੀ : ਇੱਕ ਦੋ ਨੂੰ ਛੱਡ ਕੇ ਸਾਰੀਆਂ ਨੇ ਆਪਣਾ ਜਲੂਸ ਆਪੇ ਹੀ ਕੱਢ ਲਿਐ। ਬਬਲੀ ਵੱਲ ਝਾਤੀ ਮਾਰ, ਕਿੰਨੀ ਜੱਚਦੀ ਏ ਤਿੰਨ ਫੁੱਟੀ ਮੁਟਿਆਰ! ਚਾਰਲੀ ਦਾ ਲੱਕ ਵੇਖ, ਕਿਵੇਂ ਜਾਪਦੈ?

ਕੁਲਵੀਰ : ਤੈਨੂੰ ਕਿਵੇਂ ਜਾਪਦੈ?

ਸੋਨੀ : ਸ਼ਿਕਾਰੀ ਕੁੱਤੀ ਵਰਗਾ। (ਦੋਵੇਂ ਹੱਸਦੇ ਹਨ)

ਕੁਲਵੀਰ : ਸੋਨੀ, ਜੇ ਤੂੰ ਪੈਂਟ ਪਾਵੇਂ ਤਾਂ ਪੱਕਾ ਜੱਚੇਂਗੀ।

ਸੋਨੀ : ਕਈਆਂ ਨੇ ਮੈਨੂੰ ਪਹਿਲਾਂ ਵੀ ਇੰਜ ਹੀ ਕਿਹੈ। ਲੋਕ ਕਹਿੰਦੇ ਨੇ ਤੇਰੀ ਹਾਈਟ ਠੀਕ ਏ, ਤੇਰਾ ਸਰੀਰ ਨਾ ਪਤਲਾ ਏ ਨਾ ਮੋਟਾ।

ਕੁਲਵੀਰ : ਸਰੀਰ ਤਾਂ ਰੱਬ ਨੇ ਪੂਰੀ ਮਸਤੀ 'ਚ ਆਪਣਾ ਚਾਅ ਪੂਰਾ ਕਰਦੇ ਘੜਿਐ। ਨਸ਼ੀਲੀਆਂ ਅੱਖਾਂ, ਗੋਲ ਚਿਹਰਾ ਤੇ ਹਿਰਨੀ ਵਰਗੀ ਤੋਰ।



ਸੋਨੀ : ਜਿਉਂ ਪੈਲਾਂ ਪਾਉਂਦੇ ਮੋਰ। ਕੁਲਵੀਰ, ਉਹ ਵੇਖ ਦੀਪੀ ਵੀ ਆ ਗਈ ਏ ਪੈਂਟ ਤੇ ਲੰਡੀ ਸ਼ਰਟ ਵਿੱਚ।

ਕੁਲਵੀਰ : ਨਿਰੀ ਪਹਾੜੀ ਕਾਂ ਵਰਗੀ।
(ਹੱਸਦਾ ਹੈ ਪਰ ਸੋਨੀ ਗੰਭੀਰ ਹੋ ਜਾਂਦੀ ਹੈ)
ਸੋਨੀ, ਤੇਰਾ ਚਿਹਰਾ ਉਤਰ ਗਿਐ? ਕਿਹੜੀ ਦੁਨੀਆਂ 'ਚ ਪਹੁੰਚ ਗਈ ਸੋਨੀ?

ਸੋਨੀ : ਦੀਪੀ ਨੂੰ ਪਹਾੜੀ ਤਾਂ ਕਿਹੈ, ਅਚਾਨਕ ਕੰਚਨ ਯਾਦ ਆ ਗਈ।

ਕੁਲਵੀਰ : ਕੀ ਹਾਲ ਏ ਤੇਰੀ ਸਿਸਟਰ ਦਾ?

ਸੋਨੀ : (ਲੰਮਾ ਸਾਹ ਲੈਂਦੀ ਹੋਈ) ਕਾਹਦਾ ਹਾਲ....ਆਹ ਕਾਲਜ ਦੀ ਗਰਾਊਂਡ 'ਚ ਹਲਚਲ ਮਚਾਉਣ ਵਾਲੀ ਵਿਚਾਰੀ..
(ਭਾਵਕ ਹੋ ਜਾਂਦੀ ਹੈ)

ਕੁਲਵੀਰ : ਕੀ ਹੋਇਐ ਕੰਚਨ ਨੂੰ?

ਸੋਨੀ : ਹੱਡੀਆਂ ਦੀ ਮੁੱਠ ਬਣ ਗਈ....ਕਹਿੰਦੀ ਏ ਪਹਾੜਾਂ 'ਤੇ ਦਿਲ ਨਹੀਂ ਲਗਦਾ। ਜਿਸ ਕੁੜੀ ਨੇ ਜ਼ਿੰਦਗੀ ਦੇ ਵੀਹ ਇੱਕੀ ਸਾਲ ਇਸ ਨਗਰ 'ਚ ਰੌਣਕ ਲਾਈ ਹੋਵੇ, ਉਹ ਇਸ ਨਗਰ ਤੋਂ ਦੂਰ....ਦਾਦੇ ਦੇ ਕਹਿਣ 'ਤੇ ਮੰਮੀ ਡੈਡੀ ਲੈ ਗਏ ਉੱਥੇ, ਝੱਟ ਮੰਗਣੀ, ਪੱਟ ਵਿਆਹ....।

ਕੁਲਵੀਰ : ਓ ਮੇਰਿਆ ਰੱਬਾ.... (ਉਦਾਸ ਹੋ ਜਾਂਦਾ ਹੈ)

ਸੋਨੀ : ਤੂੰ ਕਿਉਂ ਉਦਾਸ ਹੋ ਗਿਐਂ?

ਕੁਲਵੀਰ : ਹਾਂ....ਗੱਲ ਸਹੇ ਦੀ ਨਹੀਂ ਪਹੇ ਦੀ ਏ।

ਸੋਨੀ : ਮਤਲਬ?

ਕੁਲਵੀਰ : ਕਿਤੇ ਤੇਰੇ ਨਾਲ ਨਾ ਇੰਜ ਵਾਪਰ ਜਾਏ।

ਸੋਨੀ : (ਦ੍ਰਿੜ੍ਹਤਾ ਨਾਲ) ਪਰ ਮੈਂ ਆਖਰੀ ਦਮ ਤੱਕ ਲੜਾਂਗੀ। ਤੂੰ ਸਾਥ ਦੇਵੇਂਗਾ?

ਕੁਲਵੀਰ : ਪੱਕਾ। (ਖੁਸ਼ੀ ਵਿਚ) ਇੱਕ ਗੱਲ ਯਾਦ ਆ ਗਈ, ਆਪਣੇ ਕਾਲਜ ਨੂੰ ਯੂਨੀਵਰਸਿਟੀ ਵੱਲੋਂ ਐਮ.ਏ. ਦੀ ਕਲਾਸ ਮਿਲ ਗਈ, ਉਹ ਵੀ ਪੰਜਾਬੀ ਸਬਜੈਕਟ ਦੀ।

ਸੋਨੀ : (ਖੁਸ਼ੀ ਵਿਚ ਉਛਲਦੀ ਹੋਈ) ਸੱਚੀਂ? ਮਿਲਾ ਹੱਥ।
(ਦੋਵੇਂ ਖੁਸ਼ੀ ਵਿਚ ਹੱਥ ਮਿਲਾਉਂਦੇ ਹਨ)

ਕੁਲਵੀਰ : ਬੀ.ਏ. ਤੋਂ ਬਾਅਦ ਐਮ.ਏ. ਪੰਜਾਬੀ ਸ਼ੁਰੂ ਕਰ ਲਈਏ। ਹੋ ਸਕਦੈ

ਸਾਡਾ ਕਰੀਅਰ ਐਮ.ਏ. ਪੰਜਾਬੀ ਈ ਬਣਾ ਦੇਵੇ।

ਸੋਨੀ : ਦੋ ਸਾਲ ਹੋਰ ਮਿਲ ਜਾਣਗੇ। ਲੋਕ ਸਾਨੂੰ ਦੋਹਾਂ ਨੂੰ 'ਜੀਨੀਅਸ' ਕਹਿੰਦੇ ਨੇ। ਐਮ.ਏ. ਦੇ ਨਾਲ ਨਾਲ ਕੰਪੀਟੀਟਵ ਟੈਸਟ ਵੀ ਦਿੰਦੇ ਰਹਾਂਗੇ।

ਕੁਲਵੀਰ : ਨਾਈਸ ਆਈਡੀਆ। ਵਰਕ ਇਜ਼ ਵਰਸ਼ਿਪ। ਮਿਹਨਤੀ ਲੋਕ ਟੀਸੀਆਂ ਦੇ ਬੇਰ ਤੋੜਨ ਤੋਂ ਘੱਟ ਕੁੱਝ ਵੀ ਪਰਵਾਨ ਨਹੀਂ ਕਰਦੇ।

ਸੋਨੀ : (ਗਾਉਂਦੀ ਹੋਈ) ਸੁਫ਼ਨੇ ਤਾਂ ਸੱਚ ਕਰ ਕੇ ਵਿਖਾਉਂਦੇ ਹਾਂ
ਜਿਧਰੋਂ ਵੀ ਜਾਈਏ, ਨਵੇਂ ਰਾਹ ਬਣਾਉਂਦੇ ਹਾਂ।
ਪਾਣੀਆਂ ਦੇ ਮੁੱਖ ਅਸੀਂ ਮੋੜ ਦਿੰਦੇ ਹਾਂ....

ਕੁਲਵੀਰ : (ਗਾਉਂਦਾ ਹੋਇਆ) ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।
(ਪਰੀਖਿਆ ਕੇਂਦਰ ਵੱਲੋਂ ਘੰਟੀ ਦੇ ਵੱਜਣ ਦੀ ਆਵਾਜ਼ ਆਉਂਦੀ ਹੈ, ਸੁਣ ਕੇ ਸੋਨੀ ਅਤੇ ਕੁਲਵੀਰ ਆਪਣੀ ਦੁਨੀਆਂ ਵਿਚੋਂ ਬਾਹਰ ਆਉਂਦੇ ਹਨ। ਦੋਵੇਂ ਖੜ੍ਹੇ ਹੋ ਜਾਂਦੇ ਹਨ)

ਸੋਨੀ : ਗੱਲਾਂ ਹੀ ਗੱਲਾਂ 'ਚ ਅੱਜ ਦੇ ਪੇਪਰ ਦਾ ਤਾਂ ਚੇਤਾ ਹੀ ਭੁੱਲ ਗਿਆ।

ਕੁਲਵੀਰ : ਚੰਗਾ ਹੋਇਆ, ਨਰਵਸ ਨਹੀਂ ਹੋਏ ਪੇਪਰ ਦੇਣ ਤੋਂ ਪਹਿਲਾਂ।

ਸੋਨੀ : ਨਰਵਸ ਕਿਉਂ ਹੋਵਾਂਗੇ, ਆਪਾਂ ਤਾਂ ਪੇਪਰ 'ਚ ਟੀਸੀ ਦੇ ਬੇਰ ਤੋੜ ਕੇ ਹੀ ਰਹਾਂਗੇ।

ਕੁਲਵੀਰ : ਵਾਹ! ਬੈਸਟ ਆਫ ਲੱਕ।

ਸੋਨੀ : ਸੇਮ ਟੂ ਯੂ।

(ਹਨ੍ਹੇਰਾ)

## ਦ੍ਰਿਸ਼ ਚਾਰ

ਸਥਾਨ : ਸੋਨੀ ਦਾ ਘਰ
(ਸੋਨੀ ਦੇ ਹੱਥ ਵਿਚ ਇੱਕ ਡਾਇਰੀ ਅਤੇ ਅਖਬਾਰ ਹੈ, ਡਾਇਰੀ ਦੇ ਇੱਕ ਸਫ਼ੇ ਨੂੰ ਵੇਖ ਕੇ ਉਹ ਗੁਣ ਗਣਾ ਰਹੀ ਹੈ)

ਸੋਨੀ : (ਧੀਮੀ ਆਵਾਜ਼ ਵਿੱਚ ਗਾਉਂਦੀ ਹੋਈ)
ਉੱਚੀਆਂ ਹਵਾਵਾਂ ਨੂੰ ਸਰ ਕਰਦੇ
ਕਿਸੇ ਦੀ ਚੜ੍ਹਤ ਹੋਏ ਨਹੀਂ ਸੜਦੇ।
ਖੁੱਲ੍ਹੇ ਦਿਲ ਵੇਖ ਦਰਿਆ ਡਰਦੇ



ਵੱਡੇ ਵੱਡੇ ਲੋਕ ਸਾਡਾ ਪਾਣੀ ਭਰਦੇ।
ਕੱਚਿਆਂ ਨੂੰ ਤੋੜ ਵਿਛੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

ਸਰਿਤਾ : ਕਿਸ ਕੋ ਸੁਣਾ ਰਹੀ ਹੈ ਯੇ ਗਾਣੇ?

ਸੋਨੀ : ਮੰਮੀ, ਮੁਬਾਰਕ ਹੋਵੇ। ਆਹ ਵੇਖ ਅਖਬਾਰ....

ਸਰਿਤਾ : ਯੇ ਅੰਗਰੇਜ਼ੀ ਕੇ ਸਮਾਚਾਰ ਪੱਤਰ ਮੇਂ ਤੇਰੀ ਫੋਟੋ ਕਿਉਂ ਆਈ? ਕਿਸੀ ਨਾਚ ਗਾਣੇ ਮੇਂ ਜੀਤ ਗਈ?

ਸੋਨੀ : ਵਾਹ ਮੰਮੀ, ਪੂਰੀ ਯੂਨੀਵਰਸਿਟੀ ਵਿਚੋਂ ਫਸਟ ਆਈ ਹਾਂ ਬੀ.ਏ. ਦੇ ਇਮਤਿਹਾਨ 'ਚੋਂ।

ਸਰਿਤਾ : (ਖੁਸ਼ੀ ਵਿੱਚ) ਔਰ ਤੇਰੇ ਸਾਥ ਮੇਂ ਦੋ ਫੋਟੋ ਔਰ ਹੈ, ਕਿਸ ਕੀ ਹੈ ਯੇ ਫੋਟੋ?

ਸੋਨੀ : ਮੇਰੇ ਨਾਲ ਸਾਡੇ ਹੀ ਕਾਲਜ ਦਾ ਮੁੰਡਾ ਏ ਕੁਲਵੀਰ। ਇਹਨੇ ਸੈਕਿੰਡ ਪੁਜੀਸ਼ਨ ਲਈ ਏ ਤੇ ਤੀਸਰੀ ਫੋਟੋ ਜਲੰਧਰ ਦੇ ਇੱਕ ਕਾਲਜ ਦੀ ਲੜਕੀ ਦੀ ਏ ਜੋ ਥਰਡ ਆਈ ਏ।

ਸਰਿਤਾ : ਭਗਵਾਨ ਕਾ ਸ਼ੁਕਰ ਹੈ ਤੇਰੀ ਬੀ.ਏ. ਹੋ ਗਈ। ਅਬ ਤੋ ਤੁਜੇ ਅਗਲੇ ਘਰ ਭੇਜਣੇ ਕਾ ਵਕਤ ਆ ਹੀ ਗਯਾ।

ਸੋਨੀ : ਅਜੇ ਤਾਂ ਮੇਰਾ ਬੇਸ ਬਣਿਐ, ਮੈਂ ਐਮ.ਏ. ਕਰਨੀ ਏ। ਸਾਡੇ ਕਾਲਜ ਨੂੰ ਪੰਜਾਬੀ ਵਿਸ਼ੇ ਦੀ ਐਮ.ਏ. ਮਿਲ ਗਈ।

ਸਰਿਤਾ : ਬਹੁਤ ਪੜ੍ਹ ਲੀਆ, ਇਤਨਾ ਹੀ ਕਾਫੀ ਹੈ।
(ਸੋਨੀ ਦਾ ਪਿਤਾ ਦੁਰਗਾ ਦਾਸ ਆਉਂਦਾ ਹੈ)

ਸੋਨੀ : (ਖੁਸ਼ੀ ਵਿੱਚ) ਡੈਡੀ ਵਧਾਈਆਂ ਹੋਣ। ਫਸਟ ਆਈ ਤੁਹਾਡੀ ਸੋਨੀ ਪੂਰੀ ਯੂਨੀਵਰਸਿਟੀ 'ਚੋਂ।

ਦੁਰਗਾ ਦਾਸ : ਖੁਸ਼ ਕਰਤਾ ਸੋਨੀ। ਅੱਜ ਦਾ ਦਿਨ ਈ ਕਰਮਾਂ ਵਾਲਾ ਏ, ਵਧਾਈ ਤੇ ਵਧਾਈ ਵੱਜ ਰਹੀ ਏ।

ਸੋਨੀ : (ਹੈਰਾਨੀ ਵਿੱਚ) ਵਧਾਈ ਤੇ ਵਧਾਈ?

ਦੁਰਗਾ ਦਾਸ : ਹਾਂ ਸੋਨੀ ਬੇਟੇ, ਤੇਰੀ ਫੋਟੋ ਭੇਜੀ ਸੀ। ਅਗਲਿਆਂ ਨੇ ਹਾਂ ਕਹਿਤੀ। ਇਲਾਕੇ ਦਾ ਮੰਨਿਆ ਪਰਮੰਨਿਆ ਖਾਨਦਾਨ ਏ। ਮੁੰਡਾ ਵੀ ਬੈਂਕ 'ਚ ਬਾਊ ਲੱਗੈ।

ਸੋਨੀ : ਡੈਡੀ, ਮੈਂ ਨਹੀਂ ਅਜੇ ਕਰਾਉਣਾ ਵਿਆਹ। ਮੇਰੀ ਉਮਰ ਹੀ ਕੀ ਏ, ਸਿਰਫ਼ ਵੀਹ ਸਾਲ।

ਦੁਰਗਾ ਦਾਸ : ਇੱਥੇ ਤਾਂ ਸੋਲ੍ਹਾਂ ਸਾਲਾਂ ਦੀਆਂ ਕੁੜੀਆਂ ਵਿਆਹੀਆਂ ਜਾ ਰਹੀਆਂ ਨੇ। ਜਿਸ ਘਰ ਤੈਨੂੰ ਤੋਰ ਰਹੇ ਹਾਂ ਉਹਨਾਂ ਦਾ ਪਹਾੜਾਂ 'ਤੇ ਬੜਾ ਵੱਡਾ ਬਾਗ ਏ। ਫਰੂਟ ਦੀ ਆੜ੍ਹਤ ਏ ਉਹਨਾਂ ਦੀ।

ਸੋਨੀ : ਡੈਡੀ, ਮਾਪਿਆਂ ਦੇ ਸਿਰ 'ਤੇ ਹੀ ਧੀਆਂ ਆਪਣੇ ਮਨ ਦੀਆਂ ਖਾਹਸ਼ਾਂ ਪੂਰੀਆਂ ਕਰਦੀਆਂ ਨੇ। ਮੈਂ ਐਮ.ਏ. ਕਰਨੀ ਏ ਅਜੇ, ਪੀ.ਸੀ.ਐੱਸ ਦੀ ਤਿਆਰੀ ਕਰ ਰਹੀ ਹਾਂ। ਕਲਾਸ ਵਨ ਅਫਸਰ ਬਣੇਗੀ ਤੁਹਾਡੀ ਸੋਨੀ।

ਦੁਰਗਾ ਦਾਸ : ਵਿਆਹ ਕਰਵਾ ਕੇ ਵੀ ਤਾਂ ਅਫਸਰ ਬਣ ਹੀ ਸਕਦੀ ਏਂ। ਨਾਲੇ ਤੈਨੂੰ ਸਪੋਰਟ ਮਿਲ ਜਾਵੇਗੀ ਉਸ ਮੁੰਡੇ ਦੀ, ਅਗਲਾ ਬੈਂਕ 'ਚ ਬਾਊ ਲੱਗੈ।

ਸੋਨੀ : ਭਾਵੇਂ ਉਹ ਬੈਂਕ ਮੈਨੇਜਰ ਵੀ ਹੋਵੇ ਤਾਂ ਵੀ ਕੁੱਝ ਨਹੀਂ ਕਰ ਸਕਦੀ ਉਹਦੀ ਕੁਰਸੀ। ਜਿਸ ਕੁਰਸੀ 'ਤੇ ਮੈਂ....

ਦੁਰਗਾ ਦਾਸ : (ਵਿਅੰਗ ਨਾਲ) ਮਿਲ ਗਈ ਕੁਰਸੀ ਤੈਨੂੰ।

ਸੋਨੀ : ਮਿਲੇਗੀ, ਅਵੱਸ਼ ਮਿਲੇਗੀ। ਇਸ ਆਮ ਨਗਰ ਦੀ ਕੁੜੀ ਜੇ ਯੂਨੀਵਰਸਿਟੀ ਟਾਪ ਕਰ ਸਕਦੀ ਏ ਤਾਂ ਪੀ.ਸੀ.ਐੱਸ ਜਾਂ ਕਲਾਸ ਵਨ ਅਫਸਰ ਤੱਕ ਕਿਉਂ ਨਹੀਂ ਪਹੁੰਚ ਸਕਦੀ?

ਦੁਰਗਾ ਦਾਸ : ਮੈਂ ਜ਼ੁਬਾਨ ਦੇ ਬੈਠਾਂ ਉਹਨਾਂ ਨੂੰ। ਬੰਦੇ ਦੀ ਜ਼ੁਬਾਨ ਦਾ ਵੀ ਕੋਈ ਮੁੱਲ ਹੁੰਦੈ।

ਸੋਨੀ : ਮੇਰੀ ਜ਼ਿੰਦਗੀ ਦਾ ਕੋਈ ਮੁੱਲ ਨਹੀਂ, ਇਹ ਅਨਮੋਲ ਏ।

ਦੁਰਗਾ ਦਾਸ : ਤੇਰੇ ਦਾਦਾ ਜੀ ਨੇ ਵੀ ਮੁੰਡੇ ਵਾਲਿਆਂ ਬਾਰੇ ਸੁਣ ਸਹਿਮਤੀ ਦੇ ਦਿੱਤੀ ਏ।

ਸੋਨੀ : ਦਾਦਾ ਜੀ ਨੇ ਕੰਚਨ ਅੱਗੇ ਵੀ ਤਾਂ ਕੰਡੇ ਖਿਲਾਰ ਦਿੱਤੇ। ਉਹ ਤੁਰਦੀ ਫਿਰਦੀ ਲਾਸ਼ ਬਣ ਗਈ ਏ।

ਦੁਰਗਾ ਦਾਸ : ਪੰਜੇ ਉਂਗਲਾਂ ਇੱਕੋ ਜਿਹੀਆਂ ਨਹੀਂ ਹੁੰਦੀਆਂ। ਪਹਾੜਾਂ 'ਤੇ ਉਹਨਾਂ ਦਾ ਆਲੀਸ਼ਾਨ ਬੰਗਲਾ ਏ।

ਸੋਨੀ : ਮੈਂ ਮੈਦਾਨਾਂ 'ਚ ਪਲੀ ਆਂ, ਮੈਨੂੰ ਮੈਦਾਨ ਈ ਚੰਗੇ ਨੇ।

ਸਰਿਤਾ : ਜ਼ਿਆਦਾ ਬਕ ਬਕ ਨਾ ਕਰ। ਤੂ ਕਯਾ ਜਾਣੇ ਪਹਾੜੋਂ ਕੇ ਦ੍ਰਿਸ਼। ਕਿਤਨੇ ਟੂਰਿਸਟ ਜਾਤੇ ਹੈਂ ਗਰਮੀ ਮੇਂ ਵਹਾਂ।

ਸੋਨੀ : ਮੈਨੂੰ ਇਸ ਨਗਰ ਦੀ ਮਿੱਟੀ ਨਾਲ ਮੋਹ ਏ। ਮੇਰਾ ਮੁਹੱਲਾ, ਮੇਰਾ ਕਾਲਜ, ਮੇਰੀਆਂ ਸਹੇਲੀਆਂ ਸਭ ਮੇਰੇ ਆਪਣੇ ਨੇ।

ਦੁਰਗਾ ਦਾਸ : ਤੂੰ ਇੱਥੇ ਪਲੀ ਜ਼ਰੂਰ ਏਂ ਪਰ ਤੇਰਾ ਜਨਮ ਪਹਾੜੀ ਇਲਾਕੇ 'ਚ



ਹੋਇਆ। ਉਹ ਤੇਰੀ ਜਨਮ ਭੂਮੀ ਏ।

ਸੋਨੀ : ਪਰ ਇਹ ਇਲਾਕਾ ਮੇਰੀ ਕਰਮ ਭੂਮੀ ਏ। ਤੁਸੀਂ ਮੇਰੀ ਜਨਮ ਭੂਮੀ ਦੀ ਗੱਲ ਕਰਦੇ ਹੋ, ਕਿਉਂ ਛੱਡ ਕੇ ਆਏ?

ਸਰਿਤਾ : (ਚਪੇੜ ਮਾਰਦੀ ਹੋਈ) ਬੇਸ਼ਰਮ, ਬਾਪ ਕੋ ਸਵਾਲ ਕਰਤੇ ਸ਼ਰਮ ਨਹੀਂ ਆਤੀ?

ਦੁਰਗਾ ਦਾਸ : ਅਸੀਂ ਇੱਥੇ ਕਿਉਂ ਆਏ, ਸਾਡਾ ਹੱਥ ਤੰਗ ਨਾ ਹੁੰਦਾ ਤਾਂ ਕਦੇ ਵੀ ਆਪਣੀ ਜਨਮ ਭੂਮੀ ਨਾ ਛੱਡਦਾ। ਇੱਥੇ ਆ ਕੇ ਦਿਨ ਰਾਤ ਮਿਹਨਤ ਕੀਤੀ। ਤੁਹਾਨੂੰ ਚੰਗਾ ਖਵਾਇਆ, ਪਵਾਇਆ ਤੇ ਬੀ.ਏ. ਤੱਕ ਪੜ੍ਹਾਇਆ।

ਸੋਨੀ : ਡੈਡੀ, ਇੰਨਾ ਕੁਝ ਕੀਤਾ ਸਾਡੇ ਲਈ, ਹੁਣ ਰੋੜ੍ਹ ਦਿਓ ਬਿਆਸ ਦਰਿਆ ਵਿੱਚ। ਘੱਟੋ ਘੱਟ ਦਰਿਆ ਤਾਂ ਮੇਰੇ ਇਲਾਕੇ 'ਚ ਵਹਿੰਦਾ ਏ। ਮੈਂ ਆਖਰੀ ਸਾਹ ਤੱਕ ਪੰਜਾਬ ਛੱਡਣਾ ਨਹੀਂ ਚਾਹੁੰਦੀ।

ਸਰਿਤਾ : ਅਪਨਾ ਮੂਲ ਪਹਿਚਾਣ ਅਪਨਾ ਮੂਲ। ਹਮ ਤੇਰੀ ਭਲਾਈ ਕੇ ਲੀਏ ਯੇ ਸਭ ਕੁ ਕਰ ਰਹੇਂ ਹੈਂ।

ਸੋਨੀ : ਭਲਾਈ ਨਹੀਂ, ਮੇਰੀ ਬਰਬਾਦੀ ਮੈਨੂੰ ਸਾਫ ਨਜ਼ਰ ਆਉਂਦੀ ਪਈ ਏ।

ਸਰਿਤਾ : ਇਸ ਮੁਹੱਲੇ ਕੀ ਸਿਫਤ ਕਰ ਰਹੀ ਤੂ। ਕਯਾ ਦਿਆ ਇਸ ਮੁਹੱਲੇ ਨੇ ਤੇਰੇ ਕੋ?

ਸੋਨੀ : ਜਦ ਮੈਂ ਛੋਟੀ ਸੀ ਤਾਂ ਫੱਜੀ ਅੰਮਾਂ ਮੈਨੂੰ ਲੋਰੀਆਂ ਦਿੰਦੀ ਸੀ ਤਾਂ ਮੈਂ ਉਹਦੀਆਂ ਬਾਹਵਾਂ 'ਚ ਸੌਂ ਜਾਂਦੀ ਸੀ। ਤਾਇਆ ਅਮਰੂ ਬਾਤਾਂ ਸੁਣਾਇਆ ਕਰਦਾ ਸੀ। ਇੱਥੇ ਸੁਰਜੀਤ ਕੌਰ ਉੱਚੀ ਆਵਾਜ਼ 'ਚ ਮਿਰਜ਼ਾ ਗਾਉਂਦੀ ਸੀ।

ਦੁਰਗਾ ਦਾਸ : ਬਹੁਤ ਆਉਂਦੀਆਂ ਨੇ ਤੈਨੂੰ ਗੱਲਾਂ। ਚਾਰ ਅੱਖਰ ਕੀ ਪੜ੍ਹ ਗਈ, ਸਾਨੂੰ ਤਾਂ ਸਮਝਣ ਲੱਗ ਪਈ ਏ ਬੁੱਧੂ। ਇਸ ਨਗਰ ਦੇ ਮੁੰਡੇ ਵੇਖੇ ਨੇ, ਹਰਲ ਹਰਲ ਕਰਦੇ ਫਿਰਦੇ ਨੇ। ਮੋਟਰ ਸਾਈਕਲਾਂ, ਕਾਰਾਂ ਚਲਾਉਂਦੇ ਭੂਤ ਜਾਪਦੇ ਨੇ।

ਸੋਨੀ : ਡੈਡੀ, ਚੰਗੇ ਵੀ ਹੈਨ ਇੱਥੇ। ਇਸ ਧਰਤੀ 'ਤੇ ਖੁਸ਼ੀਆਂ ਨਾਲ ਮੇਰੀ ਝੋਲੀ ਭਰ ਗਈ। ਲੋਹੜੀ ਵਾਲੇ ਦਿਨ ਲੋਹੜੀ ਦੇ ਗਾਏ ਗੀਤ ਮੇਰੇ ਸਾਥੀ ਨੇ। ਵਿਸਾਖੀ 'ਤੇ ਢੋਲ ਵੱਜਦਾ ਤਾਂ ਮੈਂ ਨੱਚ ਨੱਚ ਧਰਤੀ ਹਿਲਾ ਦਿੰਦੀ। ਮੈਂ ਪੰਜਾਬਣ ਹਾਂ....

(ਸੋਨੀ ਰੋਣ ਲੱਗ ਪੈਂਦੀ ਹੈ)

ਦੁਰਗਾ ਦਾਸ : (ਸਰਿਤਾ ਨੂੰ) ਇਸ ਕੁੜੀ ਨੂੰ ਅਟੈਚ ਬਾਥਰੂਮ ਵਾਲੇ ਕਮਰੇ 'ਚ ਬੰਦ ਕਰ ਦੇ। ਬਾਹਰ ਤਾਲਾ ਲਾ ਦੇ ਦਰਵਾਜ਼ੇ ਨੂੰ।

(ਸਰਿਤਾ ਰੋ ਰਹੀ ਸੋਨੀ ਨੂੰ ਬਾਂਹ ਤੋਂ ਫੜ ਕੇ ਅੰਦਰ ਲੈ ਜਾਂਦੀ ਹੈ)

ਇਹਦੇ 'ਤੇ ਵੀ ਉਹੀ ਫਾਰਮੂਲਾ ਲੱਗੇਗਾ ਕੰਚਨ ਵਾਲਾ। ਔਲਾਦ ਨਹੀਂ ਜਾਣਦੀ ਮਾਂ ਪਿਓ ਦੀ ਕੁਰਬਾਨੀ।

(ਸਰਿਤਾ ਆਉਂਦੀ ਹੈ)

ਸਰਿਤਾ : ਬਹੁਤ ਰੋ ਰਹੀ ਏ ਕਮਲੀ।

ਦੁਰਗਾ ਦਾਸ : ਰੋਣ ਦੇ, ਕੰਚਨ ਵੀ ਰੋਂਦੀ ਸੀ ਵਿਆਹ ਵੇਲੇ। ਇਹਨਾਂ ਕੁੜੀਆਂ ਨੂੰ ਹੋ ਕੀ ਗਿਐ। ਗਊ ਹੁੰਦੀਆਂ ਸਨ ਇਹ ਕੁੜੀਆਂ ਤੇ ਹੁਣ ਅਸਮਾਨ ਨੂੰ ਟਾਕੀਆਂ ਲਾਉਂਦੀਆਂ ਨੇ। ਬਾਪੂ ਨੂੰ ਅੱਜ ਹੀ ਕਰਦਾ ਹਾਂ ਫੋਨ ਕਿ ਅਸੀਂ ਕੱਲ੍ਹ ਹੀ ਕਾਰ 'ਤੇ ਆ ਰਹੇ ਹਾਂ। ਤੂੰ ਇਹਦਾ ਖਿਆਲ ਰੱਖੀਂ, ਮੈਂ ਸਾਰਾ ਇੰਤਜ਼ਾਮ ਕਰ ਕੇ ਆਇਆ।

(ਹਨ੍ਹੇਰਾ)

## ਦ੍ਰਿਸ਼ ਪੰਜ

ਸਥਾਨ : ਸੋਨੀ ਦਾ ਘਰ।

ਸੋਨੀ : (ਹਟਕੋਰੇ ਲੈਂਦੀ ਹੋਈ) ਆਹ ਚੰਦਰਾ ਵਕਤ ਕਿਉਂ ਆਇਆ ਮੇਰੀ ਹੱਸਦੀ ਵੱਸਦੀ ਜ਼ਿੰਦਗੀ ਵਿੱਚ। ਹੇ ਰੱਬਾ! ਮੇਰੀ ਮਦਦ ਕਰ।

(ਉਹ ਸੋਚਣ ਲੱਗਦੀ ਹੈ। ਕੰਚਨ, ਸਰਿਤਾ, ਦੁਰਗਾ ਦਾਸ ਅਤੇ ਕੁਲਵੀਰ ਦੀਆਂ ਆਵਾਜ਼ਾਂ ਉਸ ਦੇ ਕੰਨਾਂ ਵਿੱਚ ਗੂੰਜ ਰਹੀਆਂ ਹਨ)

ਸਰਿਤਾ ਦੀ ਆਵਾਜ਼ : ਭਗਵਾਨ ਕਾ ਸ਼ੁਕਰ ਹੈ ਤੇਰੀ ਬੀ.ਏ. ਹੋ ਗਈ। ਅਬ ਤੋ ਤੁਝੇ ਅਗਲੇ ਘਰ ਭੇਜਣੇ ਕਾ ਵਕਤ ਆ ਹੀ ਗਯਾ।

ਦੁਰਗਾ ਦਾਸ ਦੀ ਆਵਾਜ਼ : ਜਿਸ ਘਰ ਤੂੰ ਜਾ ਰਹੀ ਏਂ ਉਹਨਾਂ ਦਾ ਬੜਾ ਵੱਡਾ ਬਾਗ ਏ। ਫਰੂਟ ਦੀ ਆੜ੍ਹਤ ਏ ਉਹਨਾਂ ਦੀ...ਅਗਲਾ ਬੈਂਕ 'ਚ ਬਾਊ ਲੱਗੈ।

ਕੰਚਨ ਦੀ ਆਵਾਜ਼ : ਹਾਂ ਮੈਂ ਪੱਤਝੜ ਹਾਂ....ਬਹਾਰਾਂ ਸੰਗ ਚੁੰਗੀਆਂ ਭਰਦੀ ਸੀ ਕਦੇ, ਪਰ ਹੁਣ ਪੱਤਝੜ ਨੇ ਪੱਕੇ ਈ ਡੇਰੇ ਲਾ ਲਏ ਮੇਰੀ ਲਾਈਫ 'ਚ।

ਕੁਲਵੀਰ ਦੀ ਆਵਾਜ਼ : ਤੇਰੀਆਂ ਨਸ਼ੀਲੀਆਂ ਅੱਖਾਂ, ਗੋਲ ਚਿਹਰਾ ਤੇ ਹਿਰਨੀ



ਵਰਗੀ ਤੋਰ...ਸਾਥ ਦਿਆਂਗਾ ਪੱਕਾ।

ਸੋਨੀ : (ਹੱਸਦੀ ਹੋਈ) ਅੱਜ ਮੈਂ ਕਮਰੇ 'ਚ ਕੈਦ ਹੋ ਗਈ... ਕਮਰੇ ਦੀ ਕੈਦ ਤੋਂ ਅੱਗੇ ਪੱਕੀ ਕੈਦ....ਨਹੀਂ ਨਹੀਂ ਮੇਰਾ ਸਾਹ ਘੁੱਟ ਰਿਹੈ....ਅਜੇ ਕੱਲ੍ਹ ਇਸ ਸਮੇਂ ਗਿਆਨੋ ਭੱਠੀ ਵਾਲੀ ਤੋਂ ਦਾਣੇ ਭੁੰਨਾ ਕੇ ਚੱਬਦੀ ਪਈ ਸੀ।

(ਗਾਉਂਦੀ ਹੋਈ) ਭੱਠੀ ਵਾਲੀਏ ਚੰਬੇ ਦੀਏ ਡਾਲੀਏ
ਨੀ ਪੀੜਾਂ ਦਾ ਪਰਾਗਾ ਭੁੰਨ ਦੇ।

(ਸੋਚਾਂ ਵਿਚ) ਮੈਨੂੰ ਲੈ ਜਾਣਗੇ ਪਰਦੇਸ....ਮੇਰੀ ਬੋਲੀ.. ਮੇਰਾ ਪੰਜਾਬੀ ਪਹਿਰਾਵਾ.... ਮੇਰੇ ਗੀਤ.... ਮੇਰੇ ਨਾਚ.... ਸਭ ਦੀ ਬਲੀ ਦੇ ਦਿੱਤੀ ਜਾਵੇਗੀ। (ਦ੍ਰਿੜ੍ਹਤਾ ਨਾਲ) ਇੰਜ ਨਹੀਂ ਹੋਣ ਦੇਵਾਂਗੀ, ਮੈਂ ਗਊ ਨਹੀਂ ਜਿਸ ਨੂੰ ਕਿਸੇ ਕੋਲ ਵੀ ਵੇਚ ਦਿੱਤਾ ਜਾਂਦੈ। ਮੈਂ ਪੰਜਾਬਣ ਹਾਂ ਪੰਜਾਬਣ। ਮੇਰਾ ਫੋਨ ਸ਼ੁਕਰ ਏ ਇਸੇ ਕਮਰੇ 'ਚ ਹੀ ਏ।

(ਕੁਲਵੀਰ ਨੂੰ ਫੋਨ ਕਰਦੀ ਹੈ)

ਕੁਲਵੀਰ ਦੀ ਆਵਾਜ਼ : ਕਿਵੇਂ ਸੋਨੀ? ਠੀਕ ਤੇ ਹੈਂ? ਅਚਾਨਕ ਹੀ ਤੇਰਾ ਫੋਨ ਆ ਗਿਐ....

ਸੋਨੀ : ਸੋਨੀ 'ਤੇ ਆਇਐ ਸੰਕਟ....

ਕੁਲਵੀਰ ਦੀ ਆਵਾਜ਼ : ਸੰਕਟ?

ਸੋਨੀ : ਕਲ੍ਹ ਲੈ ਜਾਣਗੇ ਮੈਨੂੰ ਪਰਦੇਸ। ਮੈਨੂੰ ਅੰਦਰ ਡੱਕ ਦਿੱਤਾ ਗਿਐ, ਸੱਜੇ ਪਾਸੇ ਕਮਰੇ 'ਚ। ਬਾਹਰੋਂ ਲਾਕ ਲੱਗੈ, ਕੁੱਝ ਕਰ।

ਕੁਲਵੀਰ ਦੀ ਆਵਾਜ਼ : ਲਾਕ ਤੋੜਨਾ ਪਵੇਗਾ?

ਸੋਨੀ : ਮੇਰੇ ਛੱਲੇ 'ਚ ਚਾਬੀ ਹੈ ਲਾਕ ਦੀ। ਤੇਰੇ ਆਉਣ 'ਤੇ ਦਰਵਾਜ਼ੇ ਹੇਠੋਂ ਚਾਬੀ ਸਰਕਾ ਦਿਆਂਗੀ।

ਕੁਲਵੀਰ ਦੀ ਆਵਾਜ਼ : ਮੈਂ ਕਦੋਂ ਆਵਾਂ?

ਸੋਨੀ : ਰਾਤ ਠੀਕ ਬਾਰਾਂ ਵਜੇ।

ਕੁਲਵੀਰ ਦੀ ਆਵਾਜ਼ : ਪੱਕਾ, ਤੇਰੇ ਪਾਸ ਹੋਵਾਂਗਾ।

ਸੋਨੀ : ਯਾਦ ਰੱਖੀਂ, ਮੈਂ ਤੇਰੀ ਸੁਹਾਗਣ ਹਾਂ, ਮੈਂ ਪੰਜਾਬਣ ਹਾਂ।

ਕੁਲਵੀਰ ਦੀ ਆਵਾਜ਼ : ਓ.ਕੇ. ਸੋਨੀ।

(ਹਨ੍ਹੇਰਾ)

## ਆਖਰੀ ਦ੍ਰਿਸ਼

ਸਥਾਨ : ਸੋਨੀ ਦਾ ਘਰ।

(ਦੁਰਗਾ ਦਾਸ ਅਤੇ ਸਰਿਤਾ ਆਪਣੇ ਘਰ ਦੇ ਵਿਹੜੇ ਵਿੱਚ ਮੰਜਿਆਂ 'ਤੇ ਲੇਟੇ ਹੋਏ ਹਨ, ਸਵੇਰਾ ਹੋਣ 'ਤੇ ਜਾਗਦੇ ਹਨ। ਦੁਰਗਾ ਦਾਸ ਉੱਠ ਕੇ ਆਪਣੇ ਘਰ ਦੇ ਕਮਰਿਆਂ ਵੱਲ ਜਾਂਦਾ ਹੈ)

ਦੁਰਗਾ ਦਾਸ : (ਚੀਕਦਾ ਹੋਇਆ) ਸਰਿਤਾ!

ਸਰਿਤਾ : ਕਯਾ ਹੂਆ, ਸਭ ਠੀਕ ਤੋ ਹੈ?

ਦੁਰਗਾ ਦਾਸ : ਸਵਾਹ ਠੀਕ ਏ, ਦੇ ਗਈ ਧੋਖਾ ਗੰਦੀ ਔਲਾਦ। ਔਹ ਵੇਖ, ਕਮਰਾ ਖੁੱਲ੍ਹਾ ਪਿਐ।

ਸਰਿਤਾ : (ਚੀਕਦੀ ਹੋਈ) ਕਬ ਗਈ....ਰਾਤ ਗਿਆਰਾਂ ਬਜੇ ਤੀਕ ਮੈਂ ਜਗਤੀ ਰਹੀ।

ਦੁਰਗਾ ਦਾਸ : ਫਿਰ ਸੌਂ ਮਰ ਗਈ?

ਸਰਿਤਾ : ਕਯਾ ਕਰਤੀ ਬਲੱਡ ਪਰੈਸ਼ਰ ਕੀ ਗੋਲੀ ਤੋ ਖਾਣੀ ਪੜਤੀ ਹੈ ਰਾਤ ਕੋ। ਤੁਝੇ ਬੀ ਜਾਗ ਨਹੀਂ ਆਈ।

ਦੁਰਗਾ ਦਾਸ : ਸਾਰੇ ਦਿਨ ਦੇ ਕੁੱਤੇ ਕੰਮਾਂ 'ਚ ਥੱਕ ਟੁੱਟ ਜਾਂਦੇ ਹਾਂ, ਰਾਤ ਸਿਰਫ ਪਾਈਆ ਹੀ ਪੀਤਾ ਸੀ।

ਸਰਿਤਾ : ਤੂ ਮਰ ਜਾ ਰੇ ਕੁੱਤੀ ਸੋਨੀ, ਤੂ ਪੜੇਂ ਨਰਕੋਂ ਮੇਂ।

ਦੁਰਗਾ ਦਾਸ : ਚੁੱਪ ਕਰ ਜਾ। ਕਿਸੇ ਗੁਆਂਢੀ ਨੂੰ ਭਿਣਕ ਨਾ ਪਵੇ, ਨਹੀਂ ਤਾਂ ਨੱਕ ਵੱਢੀ ਜਾਵੇਗੀ।

(ਫੋਨ ਦੀ ਘੰਟੀ ਵੱਜਦੀ ਹੈ)

ਹੈਲੋ, ਗੱਡੀ ਵਾਲੇ ਹੋ, ਨਮਸਤੇ।

ਸਰਿਤਾ : ਅਬ ਕੈਂਸਲ ਕਰ ਦੋ ਪ੍ਰੋਗਰਾਮ।

ਦੁਰਗਾ ਦਾਸ : (ਫੋਨ ਤੋਂ ਗੱਡੀ ਵਾਲੇ ਨੂੰ) ਹਾਂ ਹਾਂ, ਤੁਸੀਂ ਇੱਕ ਘੰਟੇ ਬਾਅਦ ਆ ਜਾਇਓ।

ਸਰਿਤਾ : ਅਬ ਕਹਾਂ ਜਾਣਾ ਹੈ?

(ਸਰਿਤਾ ਅੰਦਰ ਜਾਂਦੀ ਹੈ)

ਦੁਰਗਾ ਦਾਸ : ਢੱਠੇ ਖੂਹ 'ਚ। ਪਹਾੜਾਂ 'ਤੇ ਜਾਣਾ ਪਵੇਗਾ ਬਾਪੂ ਪਾਸ। ਕਹਿ ਦਿਆਂਗੇ



ਕੁੜੀ ਪੜ੍ਹਾਈ ਕਰਨ ਚਲੀ ਗਈ ਏ ਸ਼ਹਿਰ। ਤੂੰ ਤਿਆਰ ਹੋ ਜਾ।

(ਸਰਿਤਾ ਬਾਹਰ ਆਉਂਦੀ ਹੈ, ਉਸ ਦੇ ਹੱਥ ਵਿੱਚ ਇੱਕ ਕਾਗਜ਼ ਹੈ)

ਸਰਿਤਾ : ਯੇ ਕਾਗਜ਼ ਛੋੜ ਗਈ। ਕਯਾ ਲਿਖਾ ਹੈ ਇਸ ਮੇਂ?

ਦੁਰਗਾ ਦਾਸ : (ਕਾਗਜ਼ ਫੜ ਕੇ ਪੜ੍ਹਦਾ ਹੋਇਆ) ਡੈਡੀ ਜੀ, ਮੰਮੀ ਜੀ ਨਮਸਕਾਰ।

ਸਰਿਤਾ : ਕੋਈ ਮੰਮੀ ਡੈਡੀ ਨਹੀਂ ਤੇਰੇ ਲਫੰਗੀ ਲੜਕੀ।

ਦੁਰਗਾ ਦਾਸ : (ਕਾਗਜ਼ ਪੜ੍ਹਦਾ ਹੋਇਆ) ਮਾਫੀ ਮੰਗਦੀ ਹਾਂ ਤੁਹਾਡੀ ਗੱਲ ਨਹੀਂ ਮੰਨ ਸਕੀ। ਹੋਸ਼ ਸੰਭਾਲਣ ਤੋਂ ਪਹਿਲਾਂ ਤੁਸੀਂ ਮੈਨੂੰ ਇੱਥੇ ਲੈ ਆਏ, ਮੈਂ ਇਸ ਮਿੱਟੀ ਦੇ ਮੋਹ ਵਿੱਚ ਰੰਗੀ ਗਈ। ਮੈਂ ਪਹਾੜਾਂ ਨੂੰ ਕਦੇ ਮਾੜਾ ਨਹੀਂ ਕਿਹਾ। ਜੇ ਜਨਮ ਤੋਂ ਹੁਣ ਤੱਕ ਉਥੇ ਰਹਿ ਰਹੀ ਹੁੰਦੀ ਤਾਂ ਪਹਾੜਾਂ ਨਾਲ ਮੇਰੀ ਸਾਂਝ ਹੁੰਦੀ।..... ਸਾਡੇ ਇਲਾਕੇ ਦੇ ਜਿੰਨੇ ਲੋਕ ਯੂਰਪ, ਅਮਰੀਕਾ ਜਾਂ ਕਿਸੇ ਹੋਰ ਦੇਸ਼ ਗਏ ਨੇ, ਉਹਨਾਂ ਦੇ ਉਥੇ ਪੈਦਾ ਹੋਏ ਬੱਚੇ ਇਧਰ ਮੂੰਹ ਨਹੀਂ ਕਰਦੇ। ਮਿੱਟੀ ਦੇ ਮੋਹ ਕਰਕੇ ਮੇਰਾ ਰੰਗ ਪੰਜਾਬੀ ਏ, ਮੇਰੀ ਰੂਹ ਪੰਜਾਬੀ ਏ, ਮੇਰੇ ਹਾਸੇ ਪੰਜਾਬੀ ਨੇ। ਮੈਂ ਪੰਜਾਬਣ ਹਾਂ, ਮੈਂ ਪੰਜਾਬਣ ਹਾਂ।

(ਨਿੱਕੂ ਆਉਂਦਾ ਹੈ)

ਨਿੱਕੂ ਤੂੰ?

ਨਿੱਕੂ : ਬਾਊ ਜੀ, ਬੀਬੀ ਜੀ, ਨਮਸਤੇ।

ਸਰਿਤਾ : ਕੈਸੇ ਆਣਾ ਹੂਆ?

ਨਿੱਕੂ : ਕਾਰ ਮੇਂ ਬੀਬੀ ਕੰਚਨ ਕੋ ਲੇ ਕਰ ਆਇਆ ਹੂੰ। ਉਨਕੀ ਸਿਹਤ ਠੀਕ ਨਹੀਂ...ਜਬ ਚਲੇ ਥੇ ਬੋਲਤੀ ਥੀ....ਪਰ ਅਬ ਤੋ ਹੋਸ਼ ਮੇਂ ਨਹੀਂ ਲਗਤੀ।

ਸਰਿਤਾ : (ਚੀਕਦੀ ਹੋਈ) ਕਯਾ ਹੂਆ ਮੇਰੀ ਬੇਟੀ ਕੋ?

ਦੁਰਗਾ ਦਾਸ : ਮੈਂ ਕਾਰ ਵਿੱਚੋਂ ਲੈ ਕੇ ਆਇਆ।

(ਦੌੜ ਜਾਂਦਾ ਹੈ)

ਸਰਿਤਾ : ਹੇ ਭਗਵਾਨ, ਮੇਰੀ ਬੱਚੀ ਪਰ ਦਇਆ ਕਰ। ਉਸੇ ਸਵਸਥ ਕਰ ਦੇ।

ਨਿੱਕੂ : ਈਸ਼ਵਰ ਉਸੇ ਲੰਬੀ ਆਯੂ ਦੇ।

(ਦੁਰਗਾ ਦਾਸ ਸਾਹੋ ਸਾਹੀ ਦੌੜਦਾ ਹੋਇਆ ਆਉਂਦਾ ਹੈ, ਉਸਦੇ ਹੱਥ ਵਿੱਚ ਕਾਗਜ਼ ਦਾ ਇੱਕ ਟੁਕੜਾ ਹੈ)

ਦੁਰਗਾ ਦਾਸ : ਲੁੱਟੇ ਗਏ ਸਰਿਤਾ, ਨਹੀਂ ਰਹੀ ਕੰਚਨ। ਆਹ ਲਿਖ ਗਈ ਏ ਕਾਗਜ਼।

ਸਰਿਤਾ : ਹੇ ਭਗਵਾਨ, ਕਿਸ ਜਨਮ ਕੀ ਸਜ਼ਾ ਦੇ ਦੀ। ਮੇਰੀ ਬੇਟੀ....
(ਉੱਚੀ ਉੱਚੀ ਰੋਂਦੀ ਹੈ)

ਦੁਰਗਾ ਦਾਸ : (ਕਾਗਜ਼ ਪੜ੍ਹਦਾ ਹੋਇਆ) ਡੈਡੀ, ਮੰਮੀ। ਬੱਚੇ ਜਿਸ ਮਿੱਟੀ 'ਚ ਪਲਦੇ ਨੇ, ਉਸ ਮਿੱਟੀ ਤੋਂ, ਉਥੋਂ ਦੇ ਲੋਕਾਂ ਤੋਂ ਦੂਰ ਨਹੀਂ ਰਹਿ ਸਕਦੇ। ਮੈਂ ਤਾਂ ਖਤਮ ਹੀ ਹਾਂ...ਮੇਰੀ ਕਸਮ ਸੋਨੀ ਨੂੰ ਬਚਾ ਕੇ ਰੱਖਿਓ।
(ਫੁੱਟ ਫੁੱਟ ਕੇ ਰੋ ਪੈਂਦਾ ਹੈ)

ਸਰਿਤਾ : ਅਬ ਤੋ ਘਰ ਖਾਲੀ ਖਾਲੀ.... (ਜ਼ਮੀਨ 'ਤੇ ਬੈਠ ਜਾਂਦੀ ਹੈ)

ਦੁਰਗਾ ਦਾਸ : ਮੈਂ ਦੋਸ਼ੀ ਹਾਂ ਮੈਂ....ਸੋਨੇ ਵਰਗੀਆਂ ਧੀਆਂ ਦੀਆਂ ਭਾਵਨਾਵਾਂ ਨੂੰ ਕੁਚਲ ਦਿੱਤਾ। ਸੋਨੀ! ਤੂੰ ਠੀਕ ਸੀ, ਕਿਸੇ ਤਰ੍ਹਾਂ ਵੀ ਤੈਨੂੰ ਲੱਭ ਕੇ ਲਿਆਂਵਾਗਾ, ਭਾਵੇਂ ਮੀਡੀਏ ਦੀ ਮਦਦ ਨਾ ਲੈਣੀ ਪਵੇ। ਤੇਰੇ ਅਰਮਾਨ ਮੈਂ ਪੂਰੇ ਕਰਾਂਗਾ। ਮੈਨੂੰ ਹੋਸ਼ ਆ ਗਈ ਏ, ਤੂੰ ਪੰਜਾਬਣ ਹੈਂ, ਤੂੰ ਪੰਜਾਬਣ ਹੈਂ.... (ਸੋਨੀ ਦੀ ਆਵਾਜ਼ ਉਸ ਦੇ ਕੰਨਾਂ 'ਚ ਪੈ ਰਹੀ ਪ੍ਰਤੀਤ ਹੁੰਦੀ ਹੈ)

ਪਿੱਛੋਂ ਆਵਾਜ਼ :

ਦੁਨੀਆਂ 'ਚ ਸਾਡੀ ਹੈ ਪਛਾਣ ਵੱਖਰੀ
ਦੁਨੀਆਂ 'ਚ ਪੰਜਾਬੀ ਜ਼ੁਬਾਨ ਵੱਖਰੀ।
ਇਹਦੇ ਸਾਹਾਂ ਵਿਚ ਤਾਂ ਘੁਲੀ ਮਿਸ਼ਰੀ
ਕਿਸੇ ਪਾਸਿਓਂ ਵੀ ਨਾ ਰਹੀ ਪੱਛੜੀ।
ਸ਼ਬਦਾਂ ਦੇ ਹਾਰ ਅਸੀਂ ਜੋੜ ਦਿੰਦੇ ਹਾਂ
ਟੀਸੀਆਂ ਦੇ ਬੇਰ ਅਸੀਂ ਤੋੜ ਦਿੰਦੇ ਹਾਂ।

(ਹਨ੍ਹੇਰਾ)

***



# ਕਲਮਕਾਰ

| | |
|---|---|
| **ਕਾਮਰੇਡ :** | **ਕਵੀ ਅਤੇ ਸਮੀਖਿਅਕ, ਉਮਰ 70 ਸਾਲ** |
| **ਹਿੰਮਤ ਸਿੰਘ :** | **ਨਾਟਕਕਾਰ, 50 ਸਾਲ** |
| **ਨੱਥਾ ਸਿੰਘ :** | **ਕਾਮਰੇਡ ਦਾ ਮਿੱਤਰ, 65 ਸਾਲ** |
| **ਘੁੱਗ :** | **ਇੱਕ ਵਿਗੜਿਆ ਨੌਜਵਾਨ, 25 ਸਾਲ** |
| **ਥਾਣੇਦਾਰ** | |
| **ਸਿਪਾਹੀ** | |
| **ਸਕੱਤਰ** | |
| **ਸਿੰਧੂ :** | **ਹਾਸਰਸ ਕਵੀ** |
| **ਪਹਿਲਵਾਨ :** | **ਦੋਧੀ** |



## ਦ੍ਰਿਸ਼ ਇੱਕ

ਸਥਾਨ : ਸਾਹਿਤ ਸਭਾ ਦੀ ਮੀਟਿੰਗ ਦਾ ਕੋਈ ਵੀ ਸਥਾਨ

(ਕਾਮਰੇਡ, ਨਾਟਕਕਾਰ ਹਿੰਮਤ ਸਿੰਘ ਅਤੇ ਦੋ ਤਿੰਨ ਹੋਰ ਲੇਖਕ ਸਾਹਿਤ ਸਭਾ ਦੀ ਮੀਟਿੰਗ ਵਿੱਚ ਕੁਰਸੀਆਂ 'ਤੇ ਬਿਰਾਜਮਾਨ ਹਨ। ਕਾਮਰੇਡ ਮੀਟਿੰਗ ਦੀ ਪ੍ਰਧਾਨਗੀ ਕਰ ਰਿਹਾ ਹੈ।)

ਸਕੱਤਰ : ਸਾਥੀਓ, ਸਾਰੇ ਹੀ ਸਾਹਿਤਕਾਰ ਸਾਥੀਆਂ ਨੇ ਆਪੋ ਆਪਣੀਆਂ ਰਚਨਾਵਾਂ ਪੇਸ਼ ਕਰਕੇ ਖੂਬ ਰੰਗ ਬੰਨ੍ਹਿਆ ਹੈ। ਖੁਸ਼ੀ ਨਾਲ ਸਰਸ਼ਾਰ ਹਾਂ ਕਿ ਅੱਜ ਦੀ ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਸਾਹਿਬ ਕਰ ਰਹੇ ਹਨ। ਉਹਨਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਪੇਸ਼ ਹੋਈਆਂ ਰਚਨਾਵਾਂ ਸਬੰਧੀ ਕੁੱਝ ਸ਼ਬਦ ਪੇਸ਼ ਕਰਨ ਅਤੇ ਸੁਝਾਅ ਵੀ ਦੇਣ।

ਕਾਮਰੇਡ : ਹਾਜ਼ਰੀਨ, ਸਾਰੀਆਂ ਰਚਨਾਵਾਂ ਸੁਣ ਲਈਆਂ। ਕਿਸੇ ਲਿਖਤ ਬਾਰੇ ਗੱਲ ਤਾਂ ਹੀ ਹੁੰਦੀ ਏ ਜੇ ਉਸ 'ਚ ਕੋਈ ਕਣੀ ਹੋਵੇ। ਕੱਲ੍ਹ ਮੈਂ ਆਪਣੀ ਨਵੀਂ ਕਾਵਿ ਪੁਸਤਕ ਨੂੰ ਆਖਰੀ ਛੋਹ ਦੇ ਰਿਹਾ ਸੀ ਤਾਂ ਇਸ ਸਭਾ ਦੇ ਸਕੱਤਰ ਦਾ ਫੋਨ ਆ ਗਿਆ ਕਿ ਇੱਥੇ ਪ੍ਰਧਾਨਗੀ ਕਰੋ। ਦੋ ਸਾਲ ਪਹਿਲਾਂ ਵੀ ਇੱਥੇ ਆਇਆ ਸੀ....ਗੱਡੀ ਉਥੇ ਹੀ ਖੜ੍ਹੀ ਨਜ਼ਰ ਆਈ, ਗਿਅਰ ਨਹੀਂ ਨਿਕਲਿਆ ਜਾਪਦੈ।

ਸਕੱਤਰ : ਕਾਮਰੇਡ ਜੀ, ਤੁਸੀਂ ਸਾਡੇ ਬੜੇ ਸਤਿਕਾਰਯੋਗ ਸੀਨੀਅਰ ਲੇਖਕ ਹੋ। ਤੁਸੀਂ ਮੇਰੀ ਪੇਸ਼ ਕੀਤੀ ਗਈ ਮਿੰਨੀ ਕਹਾਣੀ ਬਾਰੇ ਕੋਈ ਸੁਝਾਅ ਹੀ ਦੇ ਦਿਓ, ਸਾਡੀ ਕਲਮ ਨੂੰ ਕੋਈ ਲਾਹਾ ਹੋ ਜਾਏ।

ਕਾਮਰੇਡ : ਮਿੰਨੀ ਕਹਾਣੀ ਸੀ ਕਿ ਚੁਟਕਲਾ? ਚੁਟਕਲੇ ਨੂੰ ਸੋਧਾ ਕਿੰਜ ਲਾਵਾਂ।

ਸਕੱਤਰ : ਤੁਸੀਂ ਸੋਧਾ ਲਾ ਕੇ ਨਵਾਂ ਰੂਪ ਦੇ ਦਿਓ, ਚੱਟਣੀ ਹੀ ਬਣਾ ਦਿਓ ਇਹਦੀ।

ਕਾਮਰੇਡ : ਚੱਟਣੀ ਦੀ ਹੋਰ ਚੱਟਣੀ ਕਿਵੇਂ ਬਣਾਵਾਂ। ਲਈ ਜਾਓ ਸਵਾਦ ਚੱਟਣੀ ਦਾ, ਘੜੀ ਤੁਹਾਡੇ ਮੂੰਹ ਦਾ ਸਵਾਦ ਬਦਲ ਜਾਵੇਗਾ।

(ਸਕੱਤਰ ਦੇ ਚਿਹਰੇ 'ਤੇ ਘਬਰਾਹਟ ਦੇ ਚਿੰਨ੍ਹ ਸਪੱਸ਼ਟ ਨਜ਼ਰ ਆਉਂਦੇ ਹਨ)

ਸਕੱਤਰ : (ਘਬਰਾਹਟ ਵਿੱਚ) ਪਰ....ਮੇਰੀ ਰਚਨਾ ਵਿੱਚ ਕੋਈ ਨਾ ਕੋਈ

ਵਿਚਾਰ ਤਾਂ ਸੀ ਨਾ?

ਕਾਮਰੇਡ : ਵਿਚਾਰ? ਵਿਚਾਰ ਬਿਮਾਰ ਸੀ।

ਹਿੰਮਤ ਸਿੰਘ : ਕਾਮਰੇਡ ਸਾਹਿਬ ਨੇ ਮਿੰਨੀ ਕਹਾਣੀ ਦੀ ਠੀਕ ਸਮੀਖਿਆ ਕੀਤੀ ਏ। ਮਿੰਨੀ ਕਹਾਣੀ ਦੀ ਸ਼ੁਰੂਆਤ ਬੜੀ ਭਾਵਪੂਰਤ ਅਤੇ ਅੰਤ ਨਾਟਕੀ ਲਹਿਜ਼ੇ ਵਿੱਚ ਹੋਣਾ ਚਾਹੀਦੈ।

ਕਾਮਰੇਡ : (ਟੋਕਦੇ ਹੋਏ) ਅੰਤ ਨਾਟਕੀ ਲਹਿਜ਼ੇ ਵਿੱਚ! ਨਾਟਕਕਾਰ ਨੂੰ ਨਾਟਕ ਦਾ ਬੜਾ ਫਿਕਰ ਖਾਂਦੈ। ਅੱਜ ਤਾਂ ਨਾਟਕਕਾਰ ਵੀ ਕਵੀ ਕਹਾਉਣ ਲਈ ਪੂਰੀ ਵਾਹ ਲਾਉਂਦਾ ਰਿਹੈ। ਉਹ ਸ਼ੇਅਰ ਸਾਂਝਾ ਕਰਿਓ ਵਿਕਾਸ ਦਰ ਵਾਲਾ....

ਹਿੰਮਤ ਸਿੰਘ : ਉਹ ਤਾਂ ਨਾਟਕੀ ਬੋਲ ਸਨ।

ਕਾਮਰੇਡ : ਤੁਸੀਂ ਪੇਸ਼ ਤਾਂ ਕੀਤੇ ਸਨ ਇੱਕ ਸ਼ਾਇਰ ਵਾਂਗ। ਸ਼ਾਇਰੀ ਭਾਲਦੇ ਭਾਲਦੇ ਕਿਤੇ ਨਾਟਕ ਨਾ ਗੁਆਚ ਜਾਏ ਮੇਲੇ ਵਿੱਚ।

ਹਿੰਮਤ ਸਿੰਘ : ਨਾਟਕ ਮੇਰੀ ਰਗ ਰਗ 'ਚ ਵਸਦੈ। ਸੁਣਿਓ, ਜੋ ਬੋਲ ਮੈਂ ਸਾਂਝੇ ਕੀਤੇ ਸਨ:

ਵਿਕਾਸ ਦਰ ਦਾ ਤਾਂ ਪਤਾ ਨਹੀਂ<br>
ਪਰ ਵੱਡਾ ਟੀਚਾ ਬਣਾਵਾਂਗਾ।<br>
ਆਉਂਦੇ ਪੰਜ ਸਾਲ 'ਚ<br>
ਦਸ ਗੁਣਾ ਪਸੀਨਾ ਵਹਾਵਾਂਗਾ।

ਮੈਂ ਤਾਂ ਨਾਟਕ ਵਿਧਾ ਦੇ ਦ੍ਰਿਸ਼ਟੀਕੋਣ ਤੋਂ ਹੀ ਲਿਖੇ ਨੇ। ਤੁਸੀਂ ਇਨ੍ਹਾਂ ਸ਼ਬਦਾਂ ਦਾ ਬਿਹਤਰ ਬਦਲ ਲੱਭ ਦਿਓ, ਤੁਹਾਡਾ ਸ਼ੁਕਰ ਗੁਜ਼ਾਰ ਹੋਵਾਂਗਾ।

ਕਾਮਰੇਡ : ਤੁਸੀਂ ਨਾਟਕੀ ਅੰਦਾਜ਼ ਵਿੱਚ ਲਿਖੇ ਨੇ, ਇਸ ਵੰਨਗੀ 'ਚ ਮੇਰਾ ਹੱਥ ਤੰਗ ਹੀ ਏ। ਕਾਵਿ ਅਤੇ ਕਹਾਣੀ ਦੀਆਂ ਵੰਨਗੀਆਂ ਬਾਰੇ ਸ਼ਬਦ ਸਾਂਝੇ ਕਰਦੇ ਹੀ ਰਹਿੰਦੇ ਹਾਂ। ਹਾਸਰਸ ਬਾਰੇ ਕੁੱਝ ਪੇਸ਼ ਕੀਤਾ ਸੀ ਕਿਸੇ ਸੱਜਣ ਨੇ। ਕੀ ਨਾਂ ਏ ਤੁਹਾਡਾ?

(ਕਾਮਰੇਡ, ਸਿੰਧੂ ਵੱਲ ਇਸ਼ਾਰਾ ਕਰਦਾ ਹੈ)

ਸਿੰਧੂ : ਜੀ ਮੇਰਾ ਨਾਂ ਸਿੰਧੂ ਸੁਲਤਾਨ ਏ।

ਕਾਮਰੇਡ : ਵਾਹ! ਨਾਂ ਰੱਖ ਕੇ ਉੱਚਾ ਬੁਰਜ ਲਾਹੌਰ ਦਾ ਫਤਿਹ ਕਰ ਲਿਐ। ਸੁਣਾਓ ਜ਼ਰਾ ਗਲੀ ਵਿੱਚੋਂ ਲੰਘਣ ਵਾਲੀ ਕੁੜੀ ਬਾਰੇ ਇੱਕ ਵਾਰ ਫੇਰ :



ਸਿੰਧੂ : (ਘਬਰਾਹਟ ਵਿੱਚ) ਮੇਰੇ ਘਰ ਮੂਹਰੇ ਲੰਘ ਰਹੀ ਸੀ ਸੋਹਣੀ<br>
ਮੈਂ ਉਹਨੂੰ ਕੀਤੀ ਟਿੱਚਰ ਕਰਾਰੀ ਸੀ।<br>
ਹੋਸ਼ ਟਿਕਾਣੇ ਆ ਗਈ ਮੇਰੀ<br>
ਜਦ ਉਸ ਮੇਰੇ ਮੂੰਹ 'ਤੇ ਠਾਹ ਚਪੇੜ ਮਾਰੀ ਸੀ।

ਕਾਮਰੇਡ : ਨਹਿਰੇ 'ਤੇ ਦਲਿਤਾ ਖੜਕਾ ਦਿੱਤੈ ਕੁੜੀ ਨੇ। ਇਹੋ ਜਿਹਾ ਤਾਂ ਉਹ ਸਕੂਲੀ ਨਿਆਣੇ ਵੀ ਲਿਖ ਲੈਂਦੇ ਨੇ ਜਿਨ੍ਹਾਂ ਨੂੰ ਨੱਕ ਪੂੰਝਣੀ ਨਹੀਂ ਆਉਂਦੀ।

ਹਿੰਮਤ ਸਿੰਘ : ਸਿੰਧੂ ਹੁਰਾਂ ਨੂੰ ਛੱਡੋ, ਅਸੀਂ ਇਨ੍ਹਾਂ ਨੂੰ ਕਦੇ ਗੰਭੀਰਤਾ ਨਾਲ ਲਿਆ ਹੀ ਨਹੀਂ।

ਕਾਮਰੇਡ : (ਹਿੰਮਤ ਸਿੰਘ ਨੂੰ) ਤੇ ਤੁਹਾਡੀ ਗੰਭੀਰਤਾ ਕਿਧਰ ਪਰਿਕਰਮਾ ਪਈ ਕਰਦੀ ਏ?

ਹਿੰਮਤ ਸਿੰਘ : ਦੋ ਨੌਜਵਾਨਾਂ ਨੇ ਆਪਣੇ ਲਿਖੇ ਹੋਏ ਅਗਾਂਹ ਵਧੂ ਵਿਚਾਰਧਾਰਾ ਵਾਲੇ ਗੀਤ ਗਾਏ ਨੇ। ਇਨ੍ਹਾਂ ਸਬੰਧੀ ਤੁਹਾਡਾ ਕੀ ਪ੍ਰੀਤਕਰਮ ਏ ਕਾਮਰੇਡ ਸਾਹਿਬ?

ਕਾਮਰੇਡ : ਠੀਕ ਸੀ ਚਲਦੇ ਚਲਦੇ। ਸਿੱਧੀ ਸਪਾਟ ਸ਼ਬਦਾਵਲੀ ਵਿੱਚ ਸਨ। ਲੋਕ ਬੋਲੀ ਹੀ ਇਨ੍ਹਾਂ ਗੀਤਾਂ ਦੀ ਪ੍ਰਾਪਤੀ ਸੀ।

ਹਿੰਮਤ ਸਿੰਘ : ਗੀਤ ਤਾਂ ਲੋਕ ਬੋਲੀ ਵਿੱਚ ਹੀ ਰਚੇ ਜਾਂਦੇ ਨੇ। ਕਵਿਤਾ ਜਾਂ ਗ਼ਜ਼ਲ ਭੇਤ ਭਰੀ ਹੋ ਸਕਦੀ ਏ, ਜਿਸ ਦੀ ਤਹਿ ਤੱਕ ਪਹੁੰਚਣ ਲਈ ਕਾਫੀ ਤਰੱਦਦ ਕਰਨਾ ਪੈਂਦੈ। ਪਰ ਜ਼ਿਆਦਾਤਰ ਗੀਤਕਾਰ ਲੋਕ ਬੋਲੀ ਵਿੱਚ ਹੀ ਲਿਖਦੇ ਨੇ।

ਕਾਮਰੇਡ : ਮੁੱਲਾਂ ਦੀ ਦੌੜ ਮਸੀਤ ਤੱਕ ਹੀ, ਸਮਝ ਗਏ?

ਹਿੰਮਤ ਸਿੰਘ : ਇਨ੍ਹਾਂ ਨੌਜਵਾਨ ਗਾਇਕਾਂ ਦੇ ਕਲਮੀ ਸਫ਼ਰ ਦੀ ਸ਼ੁਰੂਆਤ ਏ। ਮੈਂ ਇਸ ਨੂੰ ਸਫ਼ਲ ਅਗਾਜ਼ ਕਹਿਣਾ ਚਾਹਾਂਗਾ।

ਕਾਮਰੇਡ : ਲਾਓ ਸਿਫ਼ਤਾਂ ਦੀ ਝੜੀ। ਇਸ ਝੜੀ 'ਚ ਇਨ੍ਹਾਂ ਦੇ ਪੈਰ ਨਹੀਂ ਲੱਗਣੇ ਜ਼ਮੀਨ 'ਤੇ, ਸਾਰੇ ਰਾਤੋ ਰਾਤ ਸੁਪਰ ਸਟਾਰ ਬਣ ਜਾਣਗੇ!

ਹਿੰਮਤ ਸਿੰਘ : ਵਾਜਬ ਜਿਹੀ ਸ਼ਾਬਾਸ਼ ਦੇ ਤਾਂ ਹੱਕਦਾਰ ਹੈ ਨਾ? ਤੁਸੀਂ ਗੀਤਾਂ ਦੀ ਸ਼ਬਦਾਵਲੀ ਦੀ ਚਲਦੀ ਚਲਦੀ ਗੱਲ ਕੀਤੀ ਏ। ਗਾਇਣ ਬਾਰੇ ਕੋਈ ਟਿੱਪਣੀ ਕਰਨੀ ਬਣਦੀ ਸੀ।

ਕਾਮਰੇਡ : ਸਕੱਤਰ ਆਪੇ ਕਰ ਲਏਗਾ ਟਿੱਪਣੀ। ਸੌਂ ਤਾਂ ਨਹੀਂ ਗਿਆ?

ਸਕੱਤਰ : ਮੈਂ...ਜੀ ਤੁਸੀਂ ਦੋਵੇਂ ਵਾਹਵਾ ਰੌਣਕ ਲਾਈ ਏ। ਅਸੀਂ ਤਾਂ ਅਜੇ ਨਿਆਣੇ ਹੀ ਹਾਂ।

ਕਾਮਰੇਡ : ਸਾਰੀ ਉਮਰ ਨਿਆਣੇ ਹੀ ਰਹੋਗੇ, ਦਸ ਸਾਲ ਹੋ ਗਏ ਸਭਾ ਦੀ ਸਕੱਤਰੀ ਕਰਦੇ। ਬਾਕੀ ਨਾਟਕਕਾਰ ਤੇਰਾ ਕੰਮ ਕਰੀ ਜਾ ਰਿਹੈ। ਗਾਇਕਾਂ ਨੂੰ ਫੂਕ ਛਕਾਈ ਜਾਓ, ਜਦ ਤੱਕ ਅਗਲਿਆਂ ਦਾ ਦਿਮਾਗ ਨਹੀਂ ਖਰਾਬ ਹੋ ਜਾਂਦਾ।

ਹਿੰਮਤ ਸਿੰਘ : ਮੈਂ ਆਪਣੀ ਸੀਮਾ ਉਲੰਘ ਨਹੀਂ ਰਿਹਾ।

ਕਾਮਰੇਡ : ਪਿੰਡ ਟਾਹਲੀ ਦੇ ਦੋ ਸੱਕੇ ਭਰਾਵਾਂ ਦੀ ਕਵਿਤਾ ਦੀ ਸਮੀਖਿਆ ਕਰਕੇ ਸੀਮਾਵਾਂ ਦੇ ਪਰਖਚੇ ਕਿਸ ਉਡਾਏ?

ਹਿੰਮਤ ਸਿੰਘ : ਆਪਣੀ ਪਲੇਠੀ ਪੁਸਤਕ 'ਬੋਲ ਦੋ ਸੱਕੇ ਭਰਾਵਾਂ ਦੇ' ਵਿੱਚ ਦੋ ਨੌਜਵਾਨ ਭਰਾਵਾਂ ਨੇ ਜਿੱਥੇ ਆਪਣੀ ਜੰਮਣ ਭੋਇੰ ਪ੍ਰਤੀ ਬੜੀ ਸ਼ਿੱਦਤ ਨਾਲ ਮੋਹ ਦਾ ਪ੍ਰਗਟਾਵਾ ਕੀਤੈ, ਉੱਥੇ ਅਮਰੀਕਾ ਵਿੱਚ ਕਿਰਤ ਦੀ ਕਦਰ ਅਤੇ ਸਮਾਜਿਕ ਸਮਾਨਤਾ ਦੇ ਹੱਕ ਵਿੱਚ ਦ੍ਰਿੜ੍ਹਤਾ ਨਾਲ ਲਿਖਿਆ। ਉਸ ਪੁਸਤਕ ਦੀ ਮੈਂ ਨਿਰਪੱਖ ਹੋ ਕੇ ਸਮੀਖਿਆ ਕੀਤੀ ਏ।

ਕਾਮਰੇਡ : ਅਜੇ ਤਾਂ ਉਹ ਤੁਰੇ ਹੀ ਨੇ। ਤੁਸੀਂ ਉਨ੍ਹਾਂ ਨੂੰ ਅਰਸ਼ 'ਤੇ ਚਾੜ੍ਹ ਦਿੱਤੈ।

ਹਿੰਮਤ ਸਿੰਘ : ਮੈਂ ਤੁਹਾਡੇ ਵਾਂਗ ਨਹੀਂ ਸੋਚਦਾ ਕਿ ਕੌਣ ਫਰਸ਼ 'ਤੇ ਹੈ ਤੇ ਕੌਣ ਅਰਸ਼ 'ਤੇ ਜਾ ਚੜ੍ਹਿਐ। ਤੁਸੀਂ ਪੁਸਤਕ ਪੜ੍ਹ ਕੇ ਉਨ੍ਹਾਂ ਨੂੰ ਫਰਸ਼ 'ਤੇ ਲੈ ਆਓ।

ਕਾਮਰੇਡ : ਆਪੇ ਈ ਆ ਜਾਣਗੇ ਫਰਸ਼ 'ਤੇ। ਪਾਣੀ ਨਹੀਂ ਮੰਗਣਗੇ ਡਿੱਗਣ ਬਾਅਦ।... ਕਦੇ ਅਸੀਂ ਵੀ ਨੌਜਵਾਨ ਸੀ। ਲਹਿਰਾਂ 'ਚ ਕੁੱਦੇ, ਕਵਿਤਾ ਨੇ ਜਨਮ ਲਿਆ। ਕਾਲਜ ਵਿੱਚ ਪੜ੍ਹਦੇ ਵਕਤ ਬੜੀਆਂ ਚੁਣੌਤੀਆਂ ਸਨ ਕਾਲਜ ਪ੍ਰਬੰਧਕਾਂ ਤੇ ਸ਼ਰਾਰਤੀ ਅਨਸਰਾਂ ਤੋਂ।

ਹਿੰਮਤ ਸਿੰਘ : ਵਕਤ ਵਕਤ ਦੀ ਗੱਲ ਏ। ਅੱਜ ਦੇ ਹਾਲਾਤ ਬੜੇ ਚੁਣੌਤੀ ਭਰਪੂਰ ਨੇ। ਨੌਜਵਾਨਾਂ ਦੀਆਂ ਨਸ਼ਿਆਂ ਨਾਲ ਅੱਖਾਂ ਉਤਾਂਹ ਨੂੰ ਚੜ੍ਹੀਆਂ ਹੁੰਦੀਆਂ ਨੇ। ਹਨ੍ਹੇਰੀ ਵਾਂਗ ਮੋਟਰ ਸਾਈਕਲਾਂ ਦੁੜਾਉਂਦੇ ਪਟਾਖੇ ਵਜਾਉਂਦੇ ਨੇ ਸੜਕਾਂ 'ਤੇ। ਹਜ਼ਾਰਾਂ ਪਿੱਛੇ ਕੋਈ ਵਿਰਲਾ ਹੀ ਸਾਹਿਤ ਨਾਲ ਪ੍ਰੀਤ ਪਾਉਂਦੈ।



ਕਾਮਰੇਡ : ਤਾਂ ਤੁਸੀਂ ਵਕੀਲ ਹੋ ਇਨ੍ਹਾਂ ਦੋ ਭਰਾਵਾਂ ਦੇ। ਫੀਸ ਕਿੰਨੀ ਕੁ ਲਈ ਏ ਸਮੀਖਿਆ ਲਿਖਣ ਦੀ?

ਹਿੰਮਤ ਸਿੰਘ : (ਗੁੱਸੇ ਵਿੱਚ) ਫੀਸ? ਤੁਹਾਡੀ ਸੋਚ...ਇੰਨੀ ਹੇਠਾਂ ਨੂੰ....ਮੈਂ ਤਾਂ ਸੋਚ ਸੋਚ ਕੇ....ਵਾਰੇ ਜਾਈਏ ਤੁਹਾਡੀ ਸੋਚ 'ਤੇ।

ਕਾਮਰੇਡ : ਸੱਟ ਜੜ੍ਹਾਂ ਨੂੰ ਪਈ ਏ ਸਿੱਧੀ! ਸਲਤਨਤ ਡੋਲਣ ਲੱਗ ਪਈ ਏ ਤੇਰੀ।

ਹਿੰਮਤ ਸਿੰਘ : ਤੁਸੀਂ ਇੰਨੇ ਘਟੀਆ ਪੱਧਰ ਤੱਕ ਵੀ ਸੋਚ ਸਕਦੇ ਹੋ, ਇਹ ਗੱਲ ਅੱਜ ਪੱਲੇ ਪਈ ਏ।

ਕਾਮਰੇਡ : ਡਾਲਰਾਂ ਦੀ ਚਕਾਚੌਂਧ ਬੱਲੇ ਬੱਲੇ ਕਰਵਾ ਹੀ ਦਿੰਦੀ ਏ।

ਹਿੰਮਤ ਸਿੰਘ : ਤੁਸੀਂ ਆਪਣੇ ਆਪ ਨੂੰ ਕਾਮਰੇਡ ਕਹਿੰਦੇ ਹੋ। ਕਾਮਰੇਡ ਦਾ ਅਰਥ ਹੈ 'ਸਾਥੀ'। ਤੁਹਾਡੇ ਵਰਗੇ ਅਖੌਤੀ ਕਾਮਰੇਡਾਂ ਨੂੰ ਸੁਣਿਆਂ ਅਰਥ ਹੀ ਬਦਲ ਜਾਣਗੇ 'ਕਾਮਰੇਡ' ਸ਼ਬਦ ਦੇ।

ਕਾਮਰੇਡ : ਮੈਨੂੰ ਮਾਣ ਏ ਕਿ ਮੈਂ ਕਾਮਰੇਡ ਹਾਂ, ਲੋਕਾਂ ਦਾ ਸਾਥੀ।

ਹਿੰਮਤ ਸਿੰਘ : ਕਿੱਥੇ ਗਏ ਲੋਕ? ਤੁਹਾਡਾ ਸਾਥ ਤਾਂ ਤੁਹਾਡਾ ਪਰਛਾਵਾਂ ਵੀ ਛੱਡਦਾ ਜਾ ਰਿਹੈ।

ਕਾਮਰੇਡ : ਤੂੰ ਸਾਡੀ ਜਾਂ ਸਾਡੇ ਕਾਡਰ ਦੀ ਚਿੰਤਾ ਨਾ ਕਰ। ਆਪਣੇ ਅੰਦਰ ਝਾਤੀ ਮਾਰ। ਸਾਰੀ ਉਮਰ ਖੂਹ ਦਾ ਡੱਡੂ ਹੀ ਬਣਿਆ ਰਹੇਂਗਾ।

ਹਿੰਮਤ ਸਿੰਘ : ਖੂਹ ਦਾ ਡੱਡੂ? ਸਾਬਤ ਕਰ ਕੇ ਵਿਖਾਓ।

ਕਾਮਰੇਡ : (ਗਾਇਕਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਗਾਇਕਾਂ ਦੀਆਂ ਕਿਵੇਂ ਘੋੜੀਆਂ ਗਾਈਆਂ ਨੇ ਆਪਣੇ ਮੈਗਜ਼ੀਨ ਵਿੱਚ।

ਹਿੰਮਤ ਸਿੰਘ : ਤੁਹਾਨੂੰ ਖੁੱਲ੍ਹ ਏ ਮੇਰੇ ਲਿਖੇ ਸ਼ਬਦਾਂ 'ਤੇ ਚਲਾਓ ਆਪਣਾ ਆਰਾ। ਕੋਈ ਨਵੀਂ ਕਲਮ ਚੱਲੇ ਜਾਂ ਕਲਾਕਾਰ ਪੈਦਾ ਹੋਵੇ ਤਾਂ ਮੈਂ ਉਸ ਨੂੰ ਥਾਪੀ ਦੇ ਕੇ ਗੁਨਾਹ ਨਹੀਂ ਕਰਦਾ।

ਕਾਮਰੇਡ : ਤੇਰੀ ਵੇਖਣ ਵਾਲੀ ਅੱਖ ਨਹੀਂ।

ਹਿੰਮਤ ਸਿੰਘ : ਸੱਚ ਨੂੰ ਸੱਚ ਕਹਾਂਗਾ ਭਾਵੇਂ ਤੁਹਾਡੀਆਂ ਅੱਖਾਂ 'ਚ ਰੜਕਦਾ ਰਹਾਂ।

ਕਾਮਰੇਡ : ਅਸੀਂ ਵੀ ਕਿਸੇ ਦੀਆਂ ਅੱਖਾਂ 'ਚ ਪਏ ਤਿਣਕੇ ਨੂੰ ਵੀ ਲੱਭ ਲੈਂਦੇ ਹਾਂ।

ਹਿੰਮਤ ਸਿੰਘ : ਤੁਹਾਨੂੰ ਦੂਸਰੇ ਦੀਆਂ ਅੱਖਾਂ 'ਚ ਪਿਆ ਤਿਣਕਾ ਵੀ ਰੜਕਦਾ ਏ। ਪਰ ਆਪਣੀਆਂ ਅੱਖਾਂ ਵਿਚਲਾ ਛਤੀਰ ਵੀ ਨਜ਼ਰ ਨਹੀਂ ਆਉਂਦਾ।

ਕਾਮਰੇਡ : (ਗੁੱਸੇ ਵਿੱਚ) ਆਪਣੀ ਔਕਾਤ 'ਚ ਰਹਿ ਵੱਡਿਆ ਨਾਟਕਕਾਰਾ। ਅਜੇ ਕੱਲ੍ਹ ਹੀ ਤੂੰ ਕਲਮ ਫੜੀ ਏ। ਜ਼ਿਲਾ ਪ੍ਰਸ਼ਾਸਨ ਕੋਲੋਂ ਆਜ਼ਾਦੀ ਦਿਵਸ 'ਤੇ ਜਿਹੜਾ ਸਨਮਾਨ ਪ੍ਰਾਪਤ ਕੀਤੈ, ਉਹਦੇ ਸਿਰ 'ਤੇ ਧੌਣ ਉੱਚੀ ਨਾ ਕਰ। ਲਾ ਲਿਆ ਹੋਣੈ ਕੋਈ ਜੁਗਾੜ ਤੇ ਫੋਟੋ ਖਿਚਾ ਕੇ ਮੈਡਮ ਡੀਸੀ ਨਾਲ ਆਪਣੇ ਮੈਗਜ਼ੀਨ 'ਤੇ ਨੁਮਾਇਸ਼ ਕਰਦੈਂ।

ਹਿੰਮਤ ਸਿੰਘ : ਸਾਖਰਤਾ ਦੇ ਸਬੰਧ ਵਿਚ ਜ਼ਿਲ੍ਹੇ 'ਚ ਛੇ ਥਾਵਾਂ 'ਤੇ ਨਾਟਕ ਮੈਂ ਖੇਡੇ ਸੀ ਕਿ ਤੁਸੀਂ? ਪ੍ਰਬੰਧ ਕਰੋ ਕਲਾਕਰਾਂ ਦਾ, ਕਰਾਓ ਰਿਹਰਸਲਾਂ, ਖਰਚ ਕਰੋ ਪੱਲਿਓਂ ਤੇ ਫਿਰ ਜਾ ਕੇ ਨਾਟਕ ਦਾ ਮੰਚਨ ਹੁੰਦੈ। ਤੁਹਾਡੇ ਵਾਂਗ ਨਹੀਂ ਡਾਇਰੀ 'ਤੇ ਲਿਖੀ ਕਵਿਤਾ, ਜਿੱਥੇ ਮਰਜ਼ੀ ਖੁਦ ਪੇਸ਼ ਕਰਕੇ ਵਾਹ ਵਾਹ ਖੱਟ ਲਓ।

ਕਾਮਰੇਡ : ਵਾਹ ਵਾਹ ਐਵੇਂ ਨਹੀਂ ਹੁੰਦੀ, ਕਵਿਤਾ ਵਿੱਚ ਦਮ ਹੋਵੇ ਤਾਂ ਹੀ ਸਰੋਤੇ ਦੀਦ ਦਿੰਦੇ ਨੇ। ਸ਼੍ਰੋਮਣੀ ਪੁਰਸਕਾਰ ਐਵੇਂ ਨਹੀਂ ਸੀ ਝੋਲੀ 'ਚ ਪਿਆ।

ਹਿੰਮਤ ਸਿੰਘ : ਸ਼੍ਰੋਮਣੀ ਪੁਰਸਕਾਰ ਕਿ ਜੁਗਾੜਬੰਦੀ? ਚਾਰ ਮੈਂਬਰਾਂ ਦਾ ਬਣ ਜਾਂਦੈ ਪੈਨਲ। ਕਿਸੇ ਲਿਖਾਰੀ ਦੀ ਕੋਈ ਪੁਸਤਕ ਵਿਚਾਰੀ ਨਹੀਂ ਜਾਂਦੀ। ਲਓ ਜੀ, ਸਾਹਿਤਕਾਰ ਨੂੰ ਜੀਵਨ ਭਰ ਦੀ ਸਮੁੱਚੀ ਦੇਣ ਕਰਕੇ ਦਿੱਤਾ ਜਾ ਰਿਹੈ ਸ਼੍ਰੋਮਣੀ ਪੁਰਸਕਾਰ। ਹੁਣ ਤਾਂ ਲੋਕ ਇਸ ਨੂੰ ਭ੍ਰਿਸ਼ਟ ਪੁਰਸਕਾਰ ਵੀ ਕਹਿਣ ਲੱਗ ਪਏ ਨੇ।

ਕਾਮਰੇਡ : ਤੂੰ ਵੀ ਕਰ ਲੈਣੀ ਸੀ ਜੁਗਾੜਬੰਦੀ।

ਹਿੰਮਤ ਸਿੰਘ : ਮੈਂ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਨਹੀਂ ਪੈਰ ਧਰਨਾ ਚਾਹੁੰਦਾ। ਤੁਹਾਡੀਆਂ ਸਾਰੀਆਂ ਕਾਵਿ ਪੁਸਤਕਾਂ ਪੜ੍ਹੀਆਂ ਨੇ ਮੈਂ। ਦੋ ਤਿੰਨ ਕਵਿਤਾਵਾਂ ਤੋਂ ਬਿਨਾਂ ਵਿਲੱਖਣ ਅਤੇ ਦਮਦਾਰ ਕੁਝ ਵੀ ਨਹੀਂ।

ਕਾਮਰੇਡ : (ਹਾਰ ਜਾਣ ਵਾਲੀ ਸਥਿਤੀ ਵਿੱਚ ਸਕੱਤਰ ਨੂੰ) ਤੂੰ ਐਸ ਕਰਕੇ ਸੱਦਿਆ ਸੀ ਮੂਰਖ ਮੰਡਲੀ ਵਿੱਚ। ਇਥੇ ਮਿੱਟੀ ਘੱਟਾ ਈ ਫੱਕਿਐ।

ਹਿੰਮਤ ਸਿੰਘ : ਬਿਨਾਂ ਵਜ੍ਹਾ ਮਿੱਟੀ ਘੱਟਾ ਉਡਾਉਗੇ ਤਾਂ ਆਪਣੇ ਸਿਰ ਵਿੱਚ ਹੀ ਪਵਾਉਗੇ।

(ਕਾਮਰੇਡ ਗੁੱਸੇ ਵਿੱਚ ਲਾਲ ਪੀਲਾ ਹੋਇਆ ਉਥੋਂ ਚਲਾ ਜਾਂਦਾ ਹੈ ਅਤੇ ਸਭਾ ਬਿਖਰ ਜਾਂਦੀ ਹੈ)

(ਹਨ੍ਹੇਰਾ)



## ਦ੍ਰਿਸ਼ ਦੋ

ਸਥਾਨ : ਕਾਮਰੇਡ ਦੇ ਘਰ ਦਾ ਵਿਹੜਾ।

(ਵਿਹੜੇ ਵਿੱਚ ਦੋ ਕੁਰਸੀਆਂ ਨਜ਼ਰ ਆਉਂਦੀਆਂ ਹਨ, ਜਿਨ੍ਹਾਂ ਅੱਗੇ ਇਕ ਮੇਜ਼ ਰੱਖਿਆ ਹੋਇਆ ਹੈ, ਜਿਸ ਉੱਪਰ ਅਖਬਾਰਾਂ ਆਦਿ ਪਈਆਂ ਹਨ। ਕਾਮਰੇਡ ਘੋਰ ਉਦਾਸੀ ਵਿੱਚ ਕਮੀਜ਼ ਅਤੇ ਪਜਾਮਾ ਪਹਿਨੇ ਵਿਹੜੇ ਵਿੱਚ ਇਧਰ ਉਧਰ ਘੁੰਮ ਰਿਹਾ ਹੈ, ਉਸ ਨੇ ਸਿਰ ਛੋਟੇ ਜਿਹੇ ਪਰਨੇ ਨਾਲ ਢੱਕਿਆ ਹੋਇਆ ਹੈ)

ਕਾਮਰੇਡ : (ਆਪਣੇ ਆਪ ਵਿੱਚ ਖਿਝਦੇ ਹੋਏ) ਇਹ ਜ਼ਮਾਨਾ ਵੀ ਵੇਖਣਾ ਸੀ, ਕੀ ਥੁੜਿਆ ਸੀ ਇਹੋ ਜਿਹੇ ਚੰਦਰੇ ਵਕਤ ਤੋਂ....ਜ਼ਮਾਨੇ ਦਾ ਬੇੜਾ ਇੰਨਾ ਗਰਕ ਹੋ ਜਾਵੇਗਾ, ਕਦੇ ਖਿਆਲ ਹੀ ਨਹੀਂ ਸੀ ਆਇਆ..... ਨੱਥਾ ਸਿੰਘ ਨੂੰ ਫੋਨ ਕੀਤਿਆਂ ਅੱਧਾ ਘੰਟਾ ਹੋ ਗਿਐ, ਅਜੇ ਤੱਕ ਆਇਆ ਨਹੀਂ....ਬਜ਼ੁਰਗਾਂ ਦੀ ਇੰਨੀ ਬੇਕਦਰੀ, ਇੰਨੀ ਬੇਇੱਜ਼ਤੀ ਕਰ ਦਿੰਦੇ ਨੇ ਲਫੰਡਰ ਗੁੰਡੇ....ਮੁੰਡੇ ਕਾਹਦੇ ਨੇ, ਗੁੰਡੇ ਨੇ ਗੁੰਡੇ ਮੇਰੇ ਸਾਲੇ। (ਗੁੱਸੇ ਵਿੱਚ) ਇਨ੍ਹਾਂ ਹਲਕੇ ਕੁੱਤਿਆਂ ਨੂੰ ਗੋਲੀ ਮਾਰ ਦਿੱਤੀ ਜਾਵੇ ਤਾਂ ਧਰਤੀ ਸੁਰਖਰੂ ਹੋ ਜਾਏ।

(ਕਾਮਰੇਡ ਦਾ ਸਾਥੀ ਨੱਥਾ ਸਿੰਘ ਆਉਂਦਾ ਹੈ, ਜਿਸ ਨੇ ਕਾਮਰੇਡ ਦੀ ਮਨੋ ਸਥਿਤੀ ਦੇ ਨਾਲ ਨਾਲ ਉਸ ਦੇ ਅਖੀਰ ਵਿੱਚ ਕਹੇ ਬੋਲ ਵੀ ਸੁਣ ਲਏ ਹਨ)

ਨੱਥਾ ਸਿੰਘ : ਕਾਮਰੇਡਾ ਕਿਹਨੂੰ ਗੋਲੀ 'ਚੋਂ ਲੰਘਾ ਰਿਹੈਂ?

ਕਾਮਰੇਡ : ਮੇਰੇ ਕੋਲ ਪਿਸਟਲ ਹੁੰਦਾ ਤਾਂ ਗੋਲੀ 'ਚੋਂ ਲੰਘਾ ਦਿੰਦਾ, ਹੁਣ ਤਾਂ ਬਸ ਆਪਣਾ ਆਪ ਮਾਰ ਕੇ ਹੀ.....

ਨੱਥਾ ਸਿੰਘ : ਗੁੱਸਾ ਪੀ ਕੇ ਬੁੱਤਾ ਸਾਰਨਾ ਹੀ ਚੰਗੈ। ਕਿਸੇ ਨੂੰ ਮਾੜਾ ਜਿਹਾ ਟੇਢਾ ਬੋਲੋ ਸਹੀ, ਸਿੱਧੇ ਸਿਰ ਨੂੰ ਪੈਣਗੇ ਇਹ ਮੁੰਡੇ। ਫਿਰ ਭਾਵੇਂ 'ਸੌਰੀ' ਕਹੋ ਭਾਵੇਂ ਹੋਰ ਕੁੱਝ, ਆਪਣਾ ਵੱਤਰ ਵਾਹ ਹੀ ਜਾਂਦੇ ਨੇ। ਕਾਮਰੇਡਾ, ਤੇਰੇ ਨਾਲ ਕੀ ਭਾਣਾ ਵਰਤ ਗਿਐ?

ਕਾਮਰੇਡ : (ਕਚੀਚੀਆਂ ਵੱਟਦਾ ਹੋਇਆ) ਕੱਲ੍ਹ ਸ਼ਾਮ ਜੋ ਇਨ੍ਹਾਂ ਕੰਾਂ ਨੂੰ ਸੁਣਨਾ ਪਿਐ....ਸਾਰੀ ਰਾਤ ਪਾਸੇ ਮਾਰਦਿਆਂ ਕੱਢ'ਤੀ। ਰਾਤ ਮੁੱਕੇ ਹੀ

ਨਾ....ਮਸਾਂ ਦੋ ਘੰਟੇ ਨੀਂਦ ਆਈ।

(ਕਾਮਰੇਡ ਲੰਬਾ ਸਾਹ ਲੈਂਦਾ ਹੈ)

ਨੱਥਾ ਸਿੰਘ : ਕਿਸੇ ਨੇ ਤੇਰੀ ਬੇਜ਼ਤੀ ਕਰ'ਤੀ? ਕੋਈ ਪੰਗਾ ਤਾਂ ਨਹੀਂ ਪੈ ਗਿਐ ਕਿਸੇ ਨਾਲ?

ਕਾਮਰੇਡ : (ਗੁੱਸੇ ਵਿੱਚ) ਬੇਜ਼ਤੀ ਵਰਗੀ ਬੇਜ਼ਤੀ...ਕਦੇ ਨਹੀਂ ਹੋਇਆ ਮੇਰੇ ਨਾਲ....ਉਸ ਮੁਸ਼ਟੰਡੇ ਨੇ ਗਾਲ੍ਹਾਂ ਕੱਢੀਆਂ ਮੈਨੂੰ ਗਾਲ੍ਹਾਂ।

ਨੱਥਾ ਸਿੰਘ : (ਹੈਰਾਨੀ ਵਿੱਚ) ਗਾਲ੍ਹਾਂ? ਕਿਸ ਜੂਠ ਨੇ ਕੱਢੀਆਂ ਗਾਲ੍ਹਾਂ? ਕਿਉਂ ਕੱਢੀਆਂ ਗਾਲ੍ਹਾਂ?

ਕਾਮਰੇਡ : ਉਹ ਨੌਜਵਾਨ ਸੀ ਯੰਗ ਬਲੱਡ ਹਲਕਾ ਕੁੱਤਾ.....ਕਿੱਥੋਂ ਟੱਕਰ ਪਿਐ ਹਰਾਮਜ਼ਾਦਾ ਈਡੀਅਟ....ਭੈਣਾਂ ਦੀਆਂ ਗਾਲ੍ਹਾਂ ਕੱਢੀਆਂ ਉਸ ਨੇ, ਇੱਕ ਵਾਰ ਨਹੀਂ ਕਿੰਨੀ ਵਾਰ ਕਿੰਨੇ ਲੋਕਾਂ ਸਾਹਮਣੇ।

ਨੱਥਾ ਸਿੰਘ : ਕਿਸੇ ਬੰਦੇ ਨੇ ਉਸ ਨੂੰ ਟੋਕਿਆ ਨਾ?

ਕਾਮਰੇਡ : ਨਾ ਨਾ, ਸਭ ਬੁੱਤ ਬਣੇ ਰਹੇ ਬੁੱਤ ਉਸ ਬੁਰਛੇ ਸਾਹਮਣੇ।

ਨੱਥਾ ਸਿੰਘ : ਇਹ ਲੋਕ ਭੇਡਾਂ ਬੱਕਰੀਆਂ ਬਣ ਜਾਂਦੇ ਨੇ ਬਘਿਆੜਾਂ ਮੂਹਰੇ। ਮੈਨੂੰ ਸੌਂਦਿਐ, ਕੀ ਕਰਨੈਂ ਹੁਣ?

ਕਾਮਰੇਡ : ਕੁੱਝ ਨਾ ਕੁੱਝ ਤਾਂ ਕਰਨਾ ਹੀ ਪਵੇਗਾ, ਤਾਂ ਹੀ ਕਾਲਜੇ ਠੰਡ ਪਵੇਗੀ।

ਨੱਥਾ ਸਿੰਘ : ਕਿਧਰੇ ਜਾਣੈਂ? ਪਰ ਤੂੰ ਤਾਂ ਪੱਗ ਵੀ ਨਹੀਂ ਬੰਨ੍ਹੀ ਅਜੇ?

ਕਾਮਰੇਡ : ਮੇਰੀ ਪੱਗ ਲਾਹ ਦਿੱਤੀ ਥੱਪੜ ਮਾਰ ਕੇ ਉਸ ਬਦਮਾਸ਼ ਨੇ, ਅੱਜ ਦਿਲ ਨਹੀਂ ਕੀਤਾ ਪੱਗ ਬੰਨ੍ਹਣ 'ਤੇ।

ਨੱਥਾ ਸਿੰਘ : ਉਹ ਪਤੰਦਰ ਟੱਕਰਿਆ ਕਿੱਥੇ?

ਕਾਮਰੇਡ : ਕੱਲ੍ਹ ਸ਼ਾਮ ਮੈਂ ਪੰਜਾਬੀ ਢਾਬੇ ਤੋਂ ਦਾਲ ਤੇ ਫੁਲਕੇ ਲੈਣ ਜਾ ਰਿਹਾ ਸੀ ਆਪਣੀ ਸਕੂਟਰੀ 'ਤੇ। ਮੇਰੇ ਪਿੱਛੇ ਕੋਈ ਆ ਰਿਹਾ ਜਾਪਦਾ ਨਹੀਂ ਸੀ, ਸਕੂਟਰੀ ਮੈਂ ਸੱਜੇ ਪਾਸੇ ਮੋੜ'ਤੀ ਢਾਬੇ ਵੱਲ। ਪਤਾ ਹੀ ਨਹੀਂ ਲੱਗਾ ਤੂਫਾਨ ਵਾਂਗ ਪਿੱਛੋਂ ਉਡਾਉਂਦਾ ਮੋਟਰ ਸਾਈਕਲ ਮੇਰੇ ਨਾਲ ਥੋੜ੍ਹਾ ਜਿਹਾ ਟਕਰਾਅ ਗਿਆ।

ਨੱਥਾ ਸਿੰਘ : (ਚਿੰਤਤ ਹੁੰਦਾ ਹੋਇਆ) ਫਿਰ ਕੀ ਹੋਇਆ?

ਕਾਮਰੇਡ : ਮੈਂ ਮਸਾਂ ਦਸ ਦੀ ਸਪੀਡ 'ਤੇ ਸਕੂਟਰੀ ਚਲਾ ਰਿਹਾ ਸੀ, ਸਕੂਟਰੀ ਡਿੱਗ ਪਈ ਪਰ ਬਚਾਅ ਹੋ ਗਿਆ। ਉਹ ਸਟੂਪੱਡ ਮੋਟਰ ਸਾਈਕਲ ਉਡਾ ਰਿਹਾ ਸੀ ਸੌ ਤੋਂ ਉਪਰ। ਉਹਦੇ ਤਾਂ ਗੋਡੇ ਛਿੱਲੇ ਗਏ। ਸਾਲੇ



ਨੇ ਆਪਣਾ ਮੋਟਰ ਸਾਈਕਲ ਨਹੀਂ ਚੁੱਕਿਆ। ਸਿੱਧਾ ਮੇਰੇ ਵੱਲ ਆ ਗਿਆ, ਭੈਣਾਂ ਦੀਆਂ ਗਾਲ੍ਹਾਂ ਕੱਢਦਾ। ਮੇਰੇ ਥੱਪੜ ਜੜ ਦਿੱਤਾ, ਨਾਲ ਹੀ ਮੇਰੀ ਪੱਗ ਲਹਿ ਗਈ। ਮੈਂ ਤਰਲਾ ਮਾਰਦੇ ਕਿਹੈ-ਤੂੰ ਮੇਰੇ ਪੁੱਤਰਾਂ ਵਰਗੈਂ, ਪਰ....

ਨੱਥਾ ਸਿੰਘ : ਫਿਰ?

ਕਾਮਰੇਡ : ਮੇਰੀ ਡਿੱਗੀ ਪੱਗ ਨੂੰ ਠੁੱਡਾ ਮਾਰ ਕੇ ਗਾਲ੍ਹਾਂ ਕੱਢਦਾ ਕੱਢਦਾ ਮੋਟਰ ਸਾਈਕਲ ਖੜ੍ਹੀ ਕਰਕੇ ਪੂਰਾ ਰੋਅਬ ਝਾੜਦਾ ਦਫ਼ਾ ਹੋ ਗਿਆ।

ਨੱਥਾ ਸਿੰਘ : ਪੂਰੀ ਬਦਮਾਸ਼ੀ ਵਿਖਾ ਗਿਆ ਜੰਗਲੀ ਜਾਨਵਰ। ਆਪਣੇ ਘਰ ਆਪਣੇ ਪਿਓ ਦੀਆਂ ਬੋਦੀਆਂ ਪੁੱਟਦਾ ਹੋਵੇਗਾ।

ਕਾਮਰੇਡ : ਇਹਦੀ ਬਦਮਾਸ਼ੀ ਤਾਂ ਕੱਢਣੀ ਹੀ ਪਵੇਗੀ, ਇਹਨੂੰ ਪਤਾ ਲੱਗ ਜਾਏ ਕਿਸੇ ਬਜ਼ੁਰਗ ਨੂੰ ਕੱਢੀ ਗਾਲ੍ਹ ਕਿੰਨੀ ਮਹਿੰਗੀ ਪੈਂਦੀ ਏ। ਕਿਤੇ ਮੇਰੇ 'ਤੇ ਵੀ ਜਵਾਨੀ ਹੁੰਦੀ ਤਾਂ....ਬੁਢਾਪਾ ਤਾਂ ਹੈ ਹੀ ਸਿਆਪਾ।

ਨੱਥਾ ਸਿੰਘ : ਹੁਣ ਜਵਾਨੀ ਕਿੱਥੇ। ਭੁੱਲ ਜਾਓ ਕਾਮਰੇਡ ਜੀ ਬੁਰੇ ਸੁਫ਼ਨੇ ਵਾਂਗ।

ਕਾਮਰੇਡ : ਉਹ ਤਾਂ ਵਾਰ ਵਾਰ ਮੇਰੇ ਸੁਫ਼ਨੇ ਆਉਂਦਾ ਰਿਹੈ ਰਾਤ। ਸੁਫ਼ਨੇ 'ਚ ਝਈਆਂ ਲੈ ਲੈ ਮੇਰੇ ਗਲ ਪੈਂਦਾ ਰਿਹੈ। ਮੇਰੀ ਪੱਗ ਨੂੰ ਹੱਥ ਪਾਉਂਦਾ ਰਿਹੈ ਤੇ ਨਾਲੇ ਭੈਣਾਂ ਦੀਆਂ ਗਾਲ੍ਹਾਂ....

ਨੱਥਾ ਸਿੰਘ : ਪਰ....ਅਸੀਂ ਕਰ ਵੀ ਕੀ ਸਕਦੇ ਹਾਂ ਐਸ ਉਮਰੇ। ਲੱਤਾਂ ਧੂੰਹਦੇ ਧੂੰਹਦੇ ਕਿਹਦੇ ਕਿਹਦੇ ਤੱਕ ਪਹੁੰਚ ਕਰ ਸਕਦੇ ਹਾਂ।

ਕਾਮਰੇਡ : ਆਪਣੇ ਸਾਥੀ ਇਕੱਠੇ ਕਰ ਕੇ ਆਪਣੀ ਤਾਕਤ ਤਾਂ ਵਿਖਾ ਸਕਦੇ ਹਾਂ ਜਿਵੇਂ ਅਸੀਂ ਰਿਟਾਇਰ ਹੋਣ ਤੋਂ ਪਹਿਲਾਂ ਧਰਨੇ ਲਾਉਂਦੇ ਹੁੰਦੇ ਸੀ।

ਨੱਥਾ ਸਿੰਘ : ਕਿੰਨੇ ਕੁ ਰਹਿ ਗਏ ਸਾਥੀ? ਕੁੱਝ ਤਾਂ ਕੂਚ ਕਰ ਗਏ.... ਬਾਕੀ ਬਚਿਆਂ ਵਿੱਚੋਂ ਕਿਸੇ ਦੇ ਗੋਡੇ ਨਹੀਂ ਹਿਲਦੇ, ਕਿਸੇ ਦੀਆਂ ਅੱਖਾਂ ਬੰਦਾ ਨਹੀਂ ਪਛਾਣਦੀਆਂ। ਅੱਜ ਦੇ ਮੂਰਖ ਨੌਜਵਾਨਾਂ ਨਾਲ ਕਿਵੇਂ ਲਾਵਾਂਗੇ ਮੱਥਾ।

ਕਾਮਰੇਡ : ਨੌਜਵਾਨ ਕਾਹਦੇ ਨੇ ਇਹ ਤਾਂ ਭੂਤ ਨੇ ਭੂਤ। ਬਜ਼ੁਰਗ ਕਹਿੰਦੇ ਸੀ ਫਲਾਣੀ ਥਾਂ ਭੂਤਾਂ ਚੁੜੇਲਾਂ ਦਾ ਵਾਸਾ ਹੁੰਦੈ। ਇਹ ਤਾਂ ਸਾਡੀਆਂ ਅੱਖਾਂ ਸਾਹਮਣੇ ਹਰਲ ਹਰਲ ਕਰਦੇ ਪਏ ਨੇ।

ਨੱਥਾ ਸਿੰਘ : ਕਾਮਰੇਡਾ, ਸਿੰਥੈਟਿਕ ਨਸ਼ੇ ਕਰਦੇ ਨੇ ਇਹ ਨੌਜਵਾਨ। ਲੁੱਟਾਂ ਖੋਹਾਂ ਵੀ ਇਹੋ ਕਰਦੇ ਨੇ ਦਿਨ ਦਿਹਾੜੇ। ਇਹਨਾਂ ਭੂਤਾਂ ਨਾਲ ਪੰਗਾ ਲੈ ਕੇ ਕੀ ਕਰਾਂਗੇ।

ਕਾਮਰੇਡ : ਤੂੰ ਮੇਰਾ ਜਿਗਰੀ ਯਾਰ ਏਂ। ਤੂੰ ਵੀ ਸਾਥ ਨਹੀਂ ਦੇਵੇਂਗਾ ਮੇਰਾ?

ਨੱਥਾ ਸਿੰਘ : ਮੈਨੂੰ ਤਾਂ ਤੂੰ ਭਾਵੇਂ ਪਾਕਿਸਤਾਨ ਦੇ ਬਾਰਡਰ ’ਤੇ ਖੜ੍ਹਾ ਕਰਦੇ, ਮਰ ਜਾਵਾਂਗਾ ਪਰ ਯਾਰੀ ਜ਼ਰੂਰ ਪੁਗਾਵਾਂਗਾ।

(ਪਹਿਲਵਾਨ ਆਉਂਦਾ ਹੈ)

ਕਾਮਰੇਡ : ਆ ਪਹਿਲਵਾਨਾ, ਟਾਈਮ ਸਿਰ ਦੁੱਧ ਲੈ ਆਇਐਂ।

ਨੱਥਾ ਸਿੰਘ : ਪਹਿਲਵਾਨ ਬੜੇ ਮੌਕੇ ’ਤੇ ਆਇਆ।

ਪਹਿਲਵਾਨ : ਮੇਰੇ ਲਾਇਕ ਕੋਈ ਸੇਵਾ ਏ?

ਨੱਥਾ ਸਿੰਘ : ਆਪਣਾ ਫੋਨ ਨੰਬਰ ਦੇ। ਜਦ ਅਸੀਂ ਫੋਨ ਕਰੀਏ ਜ਼ਰਾ ਟਾਈਮ ਕੱਢ ਕੇ ਆ ਜਾਵੀਂ। ਸ਼ਾਇਦ ਠਾਣੇ ਜਾਣਾ ਪੈ ਜਾਏ।

ਪਹਿਲਵਾਨ : ਠਾਣੇ?

ਨੱਥਾ ਸਿੰਘ : ਇੱਕ ਲੋਫਰ ਮੁੰਡੇ ਨਾਲ ਪੰਗਾ ਪੈ ਗਿਐ ਕਾਮਰੇਡ ਦਾ, ਜ਼ਰਾ ਉਹਨੂੰ ਸਿੱਧਾ ਕਰਨੈਂ।

ਪਹਿਲਵਾਨ : ਮੈਂ ਕਿਹਾ ਤੀਰ ਵਾਂਗੂੰ ਸਿੱਧਾ ਕਰ ਦਿਆਂਗੇ। ਕਿੰਨੇ ਕੁ ਬੰਦੇ ਲੈ ਕੇ ਆਵਾਂ ਨਾਲ?

ਨੱਥਾ ਸਿੰਘ : ਪਹਿਲਵਾਨਾ ਤੂੰ ਇਕੱਲਾ ਈ ਲੱਖਾਂ ਵਰਗਾ ਏਂ, ਬਾਕੀ ਸਾਥੀ ਸਾਡੇ ਨਾਲ ਵੀ ਹੋਣਗੇ।

ਪਹਿਲਵਾਨ : ਤੁਸੀਂ ਫੋਨ ਖੜਕਾਇਓ ਮੈਂ ਖੋਟੇ ਪੈਸੇ ਵਾਂਗ ਭੱਜਾ ਆਵਾਂਗਾ। ਕਾਮਰੇਡ ਜੀ, ਰਾਤ ਜ਼ਰਾ ਕੁ ਖਾਣ ਪੀਣ ਦਾ ਵਾਧਾ ਘਾਟਾ ਹੋ ਗਿਐ। ਘਰ ਪਈ ਏ ਪੈੱਗ ਦੋ ਪੈੱਗ?

ਕਾਮਰੇਡ : ਸ਼ਰਾਬ ਤਾਂ ਮੈਂ ਪੀਂਦਾ ਹੀ ਨਹੀਂ। ਨਾ ਹੀ ਮੈਥੋਂ ਕੋਈ ਮੰਗਦਾ ਏ।

ਪਹਿਲਵਾਨ : ਚਲੋ ਕੋਈ ਗੱਲ ਨਹੀਂ। ਪਰ ਸੱਚ ਇਹ ਹੈ ਕਿ ਜਦ ਬੰਦੇ ’ਤੇ ਭੀੜ ਬਣੀ ਹੋਵੇ ਤਾਂ ਖਾਣ ਪੀਣ ਹੀ ਕੰਮ ਆਉਂਦੈ। ਖੁਸ਼ਕੀ ਕੰਮ ਨਹੀਂ ਆਉਂਦੀ ਕਾਮਰੇਡਾ।

(ਪਹਿਲਵਾਨ ਬੋਲਦਾ ਬੋਲਦਾ ਚਲਾ ਜਾਂਦਾ ਹੈ)

ਨੱਥਾ ਸਿੰਘ : ਆਵਾ ਈ ਊਤ ਗਿਐ। ਕੀ ਸਾਥ ਦੇਣਗੇ ਇਹੋ ਜਿਹੇ ਲੋਕ।

ਕਾਮਰੇਡ : ਆਪਣੇ ਖ਼ਾਸ ਖ਼ਾਸ ਬੰਦਿਆਂ ਨੂੰ ਫੋਨ ਕਰ ਕੇ ਬੁਲਾ ਲਈਏ। ਉਹ



ਬਦਮਾਸ਼ ਨੂੰ ਠਾਣੇ ਬੁਲਾ ਕੇ ਦੱਸ ਦੇਈਏ ਕਿ ਕਿਸੇ ਬਜ਼ੁਰਗ ਨੂੰ ਗਾਲ੍ਹ ਕਿਵੇਂ ਕੱਢੀਦੀ ਏ।

ਨੱਥਾ ਸਿੰਘ : ਸਾਥੀ ਤਾਂ ਬੁਲਾਉਣੇ ਈ ਪੈਣਗੇ, ਨਾਲੇ ਮੀਡੀਏ ਵਾਲੇ ਵੀ। ਯਾਦ ਆਇਆ, ਇਲਾਕੇ ਦਾ ਨਾਟਕਕਾਰ ਹਿੰਮਤ ਸਿੰਘ। ਉਹਨੂੰ ਜ਼ਰੂਰ ਸੱਦੀਏ। ਇੱਕ ਤਾਂ ਉਹ ਅੱਧਖੜ ਉਮਰ ਦਾ ਨਿਡਰ ਬੰਦਾ ਏ, ਦੂਜਾ ਦਸ ਪੰਦਰਾਂ ਕਲਾਕਾਰ ਵੀ ਨੇ ਉਹਦੇ ਪਾਸ। ਸਾਰੇ ਹੀ ਯੋਧੇ ਨੇ ਯੋਧੇ।

ਕਾਮਰੇਡ : ਪਰ ਮੇਰੀ ਤਾਂ ਹਿੰਮਤ ਸਿੰਘ ਨਾਲ ਬਣਦੀ ਹੀ ਨਹੀਂ।

ਨੱਥਾ ਸਿੰਘ : ਉਹਨੂੰ ਮੈਂ ਲੈ ਕੇ ਆਵਾਂਗਾ। ਭਾਵੇਂ ਉਹ ‘ਕਾਮਰੇਡ’ ਨਹੀਂ ਕਹਾਉਂਦਾ ਪਰ ਹੈ ਉਹ ਸਿਧਾਂਤਾਂ ਵਾਲਾ। ਗੁੱਸਾ ਨਾ ਕਰੀਂ ਕਾਮਰੇਡਾ, ਤੂੰ ਬਿਨਾਂ ਸੋਚੇ ਸਮਝੇ ਕਿਸੇ ’ਤੇ ਠਾਹ ਵਿਅੰਗ ਕਰ ਕੇ ਨਵੇਂ ਹੀ ਦੁਸ਼ਮਣ ਪੈਦਾ ਕਰ ਲੈਂਦੈਂ।

ਕਾਮਰੇਡ : ਯਾਰ, ਉਹ ਤਾਂ ਆਦਤ ਜਿਹੀ ਬਣ ਗਈ ਲਿਖਾਰੀਆਂ ਦੀਆਂ ਮੀਟਿੰਗਾਂ ਵਿੱਚ ਜਾਣ ਕਰਕੇ।

ਨੱਥਾ ਸਿੰਘ : ਐਸ ਆਦਤ ਨੂੰ ਬਦਲ ਯਾਰ। ਕੋਈ ਨਹੀਂ ਇੱਥੇ ਕਾਮਰੇਡ। ਜਿੱਥੇ ਵੀ ਸ਼ਹੀਦਾਂ ਦੇ ਭਵਨ ਨੇ, ਕਿੰਨੇ ਸਾਲਾਂ ਤੋਂ ਉਹੀ ਕਾਮਰੇਡ ਚੌਧਰੀ ਬਣ ਕੇ ਆਪਣੇ ਨਾਂ ਦਾ ਸਿੱਕਾ ਚਲਾ ਰਹੇ ਨੇ। ਤੁਹਾਡੇ ਲਿਖਾਰੀਆਂ ਵਿੱਚ ਈਰਖਾ ਬੜੀ ਏ। ਤੁਹਾਡੇ ਨਾਲੋਂ ਤਾਂ ਥੜ੍ਹੇ ’ਤੇ ਬਹਿ ਕੇ ਤਾਸ਼ ਖੇਡਣ ਵਾਲੇ ਹੀ ਚੰਗੇ ਨੇ।

ਕਾਮਰੇਡ : ਮਾਰ ਗੋਲੀ ਤਾਸ਼ ਖੇਡਣ ਵਾਲਿਆਂ ਨੂੰ, ਅਸਲੀ ਗੱਲ ਵੱਲ ਆ।

ਨੱਥਾ ਸਿੰਘ : ਉਸ ਮੁੰਡੇ ਦਾ ਨਾਂ ਕੀ ਏ, ਜਿਹਨੇ ਇਹ ਸਾਰੀ ਕਰਤੂਤ ਕੀਤੀ ਏ?

ਕਾਮਰੇਡ : ਪਤਾ ਲੱਗੈ ਉਹ ਨੰਗਲੀ ਪਿੰਡ ਦਾ ਰਹਿਣ ਵਾਲਾ ਏ, ਨਾਂਅ ਉਹਦਾ ਘੁੱਗ ਦਸਦੇ ਨੇ।

ਨੱਥਾ ਸਿੰਘ : (ਘਬਰਾਹਟ ਵਿੱਚ) ਘੁੱਗ?

ਕਾਮਰੇਡ : (ਹੈਰਾਨੀ ਵਿੱਚ) ਕੀ ਹੋਇਐ, ਨਾਂਅ ਸੁਣਦੇ ਸਾਰ ਤੇਰੇ ਚਿਹਰੇ ਦਾ ਰੰਗ ਹੀ ਪੀਲਾ ਪੈ ਗਿਐ?

ਨੱਥਾ ਸਿੰਘ : ਬੜਾ ਕੁੱਤਾ ਮੁੰਡਾ ਏ ਘੁੱਗ। ਮੁੰਡਾ ਨਹੀਂ ਉਹ ਤਾਂ ਗੁੰਡਾ ਏ ਇੱਕ ਨੰਬਰ ਦਾ। ਗੈਂਗਸਟਰ ਕਹਾਉਂਦੈ ਆਪਣੇ ਆਪ ਨੂੰ।

ਕਾਮਰੇਡ : (ਦ੍ਰਿੜ੍ਹਤਾ ਨਾਲ) ਪਰ ਅਸੀਂ ਘੁੱਗ ਦਾ ਘੁੱਗੂ ਵਜਾ ਕੇ ਹੀ ਛੱਡਾਂਗੇ।

ਤੂੰ ਕੱਲ੍ਹ ਸਵੇਰੇ ਅੱਠ ਵਜੇ ਇੱਥੇ ਆ ਜਾਵੀਂ, ਨਾਲੇ ਹਿੰਮਤ ਸਿੰਘ ਨੂੰ ਲੈ ਆਵੀਂ।

ਨੱਥਾ ਸਿੰਘ : ਮੇਰਾ ਫਿਕਰ ਨਾ ਕਰ। ਆਪਾਂ ਵੱਧ ਤੋਂ ਵੱਧ ਸਾਥੀ ਇਕੱਠੇ ਕਰ ਲਈਏ। ਠਾਣੇ ਵਾਲੇ ਵੀ ਤਾਂ ਹੀ ਕਿਸੇ ਦੀ ਸ਼ਿਕਾਇਤ 'ਤੇ ਗੌਰ ਕਰਦੇ ਨੇ ਜੇ ਚਾਰ ਬੰਦੇ ਪਿੱਠ 'ਤੇ ਖੜ੍ਹੇ ਹੋਣ। ਚੰਗਾ ਕਾਮਰੇਡਾ, ਕੱਲ੍ਹ ਸਵੇਰੇ ਮਿਲਦੇ ਹਾਂ।

(ਨੱਥਾ ਸਿੰਘ ਜਾਂਦਾ ਹੈ)

(ਹਨ੍ਹੇਰਾ)

## ਦ੍ਰਿਸ਼ ਤਿੰਨ

ਸਥਾਨ : ਪੁਲਿਸ ਸਟੇਸ਼ਨ

(ਥਾਣੇਦਾਰ ਦੀ ਕੁਰਸੀ ਅੱਗੇ ਵਧੀਆ ਮੇਜ਼ ਰੱਖਿਆ ਗਿਆ ਹੈ। ਆਸੇ ਪਾਸੇ ਚਾਰ ਪੰਜ ਹੋਰ ਕੁਰਸੀਆਂ ਵੀ ਪਈਆਂ ਹਨ। ਕੋਲ ਹੀ ਇੱਕ ਸਿਪਾਹੀ ਟਹਿਲਦਾ ਹੋਇਆ ਵਿਖਾਈ ਦਿੰਦਾ ਹੈ)

ਸਿਪਾਹੀ : (ਕਾਮਰੇਡ ਨੂੰ) ਬਾਬਿਓ, ਕਿਹਨੂੰ ਮਿਲਣੈਂ?

ਕਾਮਰੇਡ : ਤੁਹਾਡੇ ਸਾਹਿਬ ਨੂੰ। ਕਦੋਂ ਬੈਠਣਗੇ?

ਸਿਪਾਹੀ : ਸਾਹਿਬ ਸਜਣ ਈ ਵਾਲੇ ਨੇ। ਕੁਰਸੀ ਇੰਤਜ਼ਾਰ ਕਰ ਰਹੀ ਏ ਉਹਨਾਂ ਦਾ।

(ਨੱਥਾ ਸਿੰਘ ਆਉਂਦਾ ਹੈ)

ਕਾਮਰੇਡ : ਨੱਥਾ ਸਿੰਘ ਜੀ, ਆ ਗਏ ਸਾਥੀ?

ਨੱਥਾ ਸਿੰਘ : ਚਾਰ ਪੰਜ ਮੇਰੇ ਨਾਲ ਆਏ ਨੇ, ਬਾਹਰ ਈ ਖੜ੍ਹੇ ਨੇ। ਹਿੰਮਤ ਸਿੰਘ ਵੀ ਕੁੱਝ ਨੌਜਵਾਨਾਂ ਨਾਲ ਪਹੁੰਚਣ ਹੀ ਵਾਲਾ ਏ।

ਕਾਮਰੇਡ : ਹਿੰਮਤ ਸਿੰਘ ਨੇ ਕੋਈ ਨਾਂਹ ਨੁੱਕਰ ਤਾਂ ਨਹੀਂ ਕੀਤੀ? ਮੇਰੇ ਨਾਲ ਉਹਦੀ ਕਾਫੀ ਗਰਮਾ ਗਰਮੀ ਹੋਈ ਸੀ ਸਭਾ ਦੀ ਇੱਕ ਮੀਟਿੰਗ ਵਿੱਚ।

ਨੱਥਾ ਸਿੰਘ : ਹਿੰਮਤ ਸਿੰਘ ਨੇ ਤਾਂ ਗੱਲਾਂ ਹੀ ਬੜੀਆਂ ਕੰਮ ਦੀਆਂ ਕੀਤੀਆਂ। ਕਹਿੰਦਾ ਸੀ ਅੱਜ ਇਹ ਘਟਨਾ ਕਾਮਰੇਡ ਨਾਲ ਵਾਪਰੀ ਏ, ਕੱਲ੍ਹ ਨੂੰ ਸਾਡੇ ਲਈ ਕੋਈ ਮੁਸ਼ਕਲ ਖੜ੍ਹੀ ਹੋ ਸਕਦੀ ਏ।

ਕਾਮਰੇਡ : ਮੁਸ਼ਕਲ ਦੀ ਘੜੀ ਵਿੱਚ ਹੀ ਬੰਦੇ ਦੀ ਪਰਖ ਹੁੰਦੀ ਏ।



(ਥਾਣੇਦਾਰ ਆਉਂਦਾ ਹੈ, ਬੜੇ ਰੋਅਬ ਨਾਲ ਸਾਰਿਆਂ ਵੱਲ ਵੇਖਦਾ ਹੈ ਅਤੇ ਕੁਰਸੀ 'ਤੇ ਬੈਠ ਜਾਂਦਾ ਹੈ। ਸਿਪਾਹੀ, ਥਾਣੇਦਾਰ ਨੂੰ ਸਲੂਟ ਮਾਰਦਾ ਹੈ)

ਥਾਣੇਦਾਰ : (ਕਾਮਰੇਡ ਅਤੇ ਨੱਥਾ ਸਿੰਘ ਨੂੰ) ਤੁਸੀਂ ਦੱਸੋ, ਕੀ ਕੰਮ ਏ ਤੁਹਾਡਾ?

ਕਾਮਰੇਡ : ਆਹ ਦਰਖਾਸਤ ਏ ਜੀ।

ਥਾਣੇਦਾਰ : ਕਿਸ ਬਾਰੇ?

ਕਾਮਰੇਡ : ਦਰਖਾਸਤ ਵਿੱਚ ਲਿਖਿਐ ਸਭ ਕੁੱਝ।

ਥਾਣੇਦਾਰ : ਫਿਰ ਵੀ ਚਲਦਾ ਚਲਦਾ ਜਿਹਾ ਚਾਨਣਾ ਪਾ ਦਿਓ।

ਨੱਥਾ ਸਿੰਘ : ਜੀ ਪਰਸੋਂ ਸ਼ਾਮ ਦਿਨ ਛਿਪੇ ਇੱਕ ਵਿਗੜੇ ਹੋਏ ਮੁੰਡੇ ਨੇ ਥੱਪੜ ਮਾਰ ਕੇ ਇਨ੍ਹਾਂ ਦੀ ਪੱਗ ਲਾਹ ਦਿੱਤੀ। ਉਸ ਤੋਂ ਵੀ ਭੈੜੀ ਗੱਲ ਉਸ ਨੇ ਆਹ ਕੀਤੀ ਕਿ ਕਾਮਰੇਡ ਸਾਹਿਬ ਨੂੰ ਭੈਣਾਂ ਦੀਆਂ ਗਾਲ੍ਹਾਂ ਕੱਢੀਆਂ।

ਥਾਣੇਦਾਰ : (ਚੌਕੰਨਾ ਹੁੰਦਾ ਹੋਇਆ) ਤੁਸੀਂ ਕਾਮਰੇਡ ਹੋ?

ਕਾਮਰੇਡ : ਹਾਂ ਜੀ, ਮੈਨੂੰ ਕਾਮਰੇਡ ਹੀ ਕਹਿੰਦੇ ਨੇ।

ਥਾਣੇਦਾਰ : (ਦਰਖਾਸਤ ਪੜ੍ਹਨ ਉਪਰੰਤ) ਬਜ਼ੁਰਗੋ, ਤੁਸੀਂ ਇਸ ਸਿਆਣੀ ਉਮਰੇ ਕਿਸ ਮੁਸ਼ਟੰਡੇ ਨਾਲ ਪੰਗਾ ਪਾ ਬੈਠੇ। ਇਨ੍ਹਾਂ ਤੋਂ ਤਾਂ ਖਹਿੜਾ ਛੁਡਾਉਣਾ ਹੀ ਚੰਗੈ।

ਕਾਮਰੇਡ : ਉਹ ਤਾਂ ਆਪ ਮੇਰੇ ਖਹਿੜੇ ਪੈ ਗਿਆ। ਇੱਕ ਸੌ ਵੀਹ ਦੀ ਸਪੀਡ 'ਤੇ ਮੋਟਰ ਸਾਈਕਲ ਚਲਾਉਂਦਾ ਮੇਰੇ 'ਚ ਆ ਵੱਜਿਆ।

ਥਾਣੇਦਾਰ : ਸਭ ਸਾਲੇ ਮੁੰਡੇ ਖੁੰਡੇ ਇੰਜ ਹੀ ਉਡਾਉਂਦੇ ਨੇ। ਅਸੀਂ ਇਨ੍ਹਾਂ ਨੂੰ ਮਸਾਂ ਫੜ ਫੜ ਕੇ ਅੰਦਰ ਡੱਕਦੇ ਹਾਂ। ਮਗਰੇ ਮਗਰ ਪਿੰਡਾਂ ਦੇ ਚੌਧਰੀ ਆ ਜਾਂਦੇ ਨੇ ਛੁਡਾਉਣ ਵਾਸਤੇ। ਨਾ ਛੱਡੀਏ ਤਾਂ ਉਪਰੋਂ ਫੋਨ ਕਰਵਾ ਦਿੰਦੇ ਨੇ ਮੰਤਰੀਆਂ ਸੰਤਰੀਆਂ ਦੇ।

ਕਾਮਰੇਡ : ਅਸੀਂ ਤਾਂ ਸ਼ਿਕਾਇਤ ਤੁਹਾਡੇ ਕੋਲ ਹੀ ਕਰਨੀ ਹੁੰਦੀ ਇਸ ਤਰ੍ਹਾਂ ਦੀ।

ਥਾਣੇਦਾਰ : ਕਦੋਂ ਮਨ੍ਹਾਂ ਕੀਤੈ, ਕਰੀ ਜਾਓ ਸ਼ਕੈਤ। ਡਿਊਟੀ ਬੜੀ ਹਾਰਡ ਹੋਈ ਪਈ ਏ। ਸਟਾਫ ਘੱਟ ਤੇ ਕੰਮਾਂ ਦੇ ਢੇਰ, ਸਾਨੂੰ ਪਤੈ ਦਿਨ ਰਾਤ ਕੀ ਭਾਅ ਵਿਕਦੀ ਏ।

ਨੱਥਾ ਸਿੰਘ : ਇਹ ਕਾਮਰੇਡ ਸਾਹਿਬ ਸਾਰੀ ਉਮਰ ਲੋਕਾਂ ਦੇ ਕੰਮ ਆਉਂਦੇ ਰਹੇ। ਮੁਲਾਜ਼ਮ ਨੇਤਾ ਰਹੇ ਨੇ ਕਿਸੇ ਸਮੇਂ. ਸੱਤ ਅੱਠ ਕਿਤਾਬਾਂ ਵੀ ਲਿਖੀਆਂ ਨੇ ਇਨ੍ਹਾਂ।

ਥਾਣੇਦਾਰ : (ਮੁਸਕਰਾ ਕੇ) ਲਿਖਾਰੀ ਹੋ? ਅਜੇ ਕੱਲ੍ਹ ਬੜਾ ਸਖਤ ਪੱਤਰ ਆਇਐ ਸਰਕਾਰ ਦਾ ਕਿ ਇਲਾਕੇ ਦੇ ਲਿਖਾਰੀਆਂ ਦੀਆਂ ਕਿਤਾਬਾਂ ਦਾ ਪੋਸਟ ਮਾਰਟਮ ਕਰ ਕੇ ਰਿਪੋਰਟ ਭੇਜੋ।

ਨੱਥਾ ਸਿੰਘ : ਕਿਤਾਬਾਂ ਦਾ ਪੋਸਟ ਮਾਰਟਮ?

ਥਾਣੇਦਾਰ : ਹਾਂ ਹਾਂ, ਕਈ ਲਿਖਾਰੀ ਬੜਾ ਕੁੱਝ ਵਿੰਗਾ ਟੇਢਾ ਲਿਖ ਕੇ ਲੋਕਾਂ ਨੂੰ ਆਪਣੀ ਸਰਕਾਰ ਦੇ ਖਿਲਾਫ਼ ਭੜਕਾਉਂਦੇ ਨੇ। ਇਹ ਲੋਕ ਖਾਂਦੇ ਪੀਂਦੇ ਤਾਂ ਆਪਣੇ ਦੇਸ਼ ਦਾ, ਸਿਫਤਾਂ ਕਰਦੇ ਨੇ ਰੂਸ ਚੀਨ ਦੀਆਂ। (ਕਾਮਰੇਡ ਨੂੰ) ਆਪਣੀਆਂ ਕਿਤਾਬਾਂ ਮੰਗਵਾਓ ਇੱਥੇ।

ਕਾਮਰੇਡ : ਮੇਰੀਆਂ ਕਿਤਾਬਾਂ ਦੀ ਇੱਕ ਵੀ ਕਾਪੀ ਘਰ ਨਹੀਂ ਬਚੀ।

ਥਾਣੇਦਾਰ : ਸਭ ਵਿਕ ਗਈਆਂ?

ਕਾਮਰੇਡ : ਜੀ।

ਥਾਣੇਦਾਰ : ਫਿਰ ਕਿੱਥੋਂ ਮਿਲਣਗੀਆਂ?

ਕਾਮਰੇਡ : ਇਹ ਤਾਂ ਪਬਲਿਸ਼ਰ ਹੀ ਦੱਸ ਸਕਦੈ, ਉਸ ਪਾਸ ਕੋਈ ਬਚੀ ਏ ਕਿ ਨਹੀਂ।

ਥਾਣੇਦਾਰ : ਕਿੱਥੇ ਰਹਿੰਦੈ ਉਹ?

ਕਾਮਰੇਡ : ਮੇਰਾ ਪਬਲਿਸ਼ਰ ਤਾਂ ਲੁਧਿਆਣੇ ਰਹਿੰਦੈ।

ਥਾਣੇਦਾਰ : (ਸੋਚ ਕੇ) ਮੈਨੂੰ ਪਤੈ ਤੁਸੀਂ ਇਨਕਲਾਬੀ ਲਿਖਾਰੀ ਹੋ। ਕਦੋਂ ਆਵੇਗਾ ਇਨਕਲਾਬ?

ਕਾਮਰੇਡ : ਮੇਰਾ ਇਸ ਨਾਲ ਕੋਈ ਸਬੰਧ ਨਹੀਂ।

ਥਾਣੇਦਾਰ : ਤੁਸੀਂ ਲਿਖਦੇ ਕਿਉਂ ਹੋ? ਜੇ ਨਾ ਲਿਖੋ ਤਾਂ ਦੁਨੀਆਂ ਦੀ ਚਾਲ ਢਾਲ ਨੂੰ ਕੀ ਹੋਜੂ?

ਕਾਮਰੇਡ : ਬਾਬਾ ਨਾਨਕ ਵੀ ਤਾਂ ਲਿਖਦਾ ਸੀ।

ਥਾਣੇਦਾਰ : ਬਾਬਾ ਨਾਨਕ ਤਾਂ ਖ਼ੁਦ ਰੱਬ ਸੀ। ਤੁਸੀਂ ਉਹਦੇ ਬਰਾਬਰ ਕਿਵੇਂ ਹੋ ਗਏ? ਟਕੇ ਦੇ ਮੁੰਡੇ ਕੋਲੋਂ ਪੱਗ ਲੁਹਾ ਲਈ।

(ਹਿੰਮਤ ਸਿੰਘ ਆਉਂਦਾ ਹੈ)

ਕਾਮਰੇਡ : ਤੁਸੀਂ ਉਸ ਮੁਸ਼ਟੰਡੇ ਨੂੰ ਫੜ ਕੇ ਲਿਆਓ।

ਥਾਣੇਦਾਰ : ਬੰਦੇ ਭੇਜਦੇ ਹਾਂ ਫੜਨ ਲਈ। ਮਹਿਕਮੇ ਦੀ ਇੱਕ ਜ਼ਰੂਰੀ ਮੀਟਿੰਗ ਅਟੈਂਡ ਕਰਨ ਜਾ ਰਿਹਾਂ। ਸ਼ਾਮ ਪੰਜ ਵਜੇ ਆ ਜਾਇਓ।

ਹਿੰਮਤ ਸਿੰਘ : ਸ਼ਾਮ ਪੰਜ ਵਜੇ ਕਿਉਂ? ਉਹ ਬਦਮਾਸ਼ ਮੁੰਡੇ ਨੂੰ ਫੜ ਕੇ ਲਿਆਓ



ਇਥੇ ਤੇ ਪੁੱਛ ਪੜਤਾਲ ਕਰੋ।

ਥਾਣੇਦਾਰ : ਲਾਅ ਐਂਡ ਆਰਡਰ ਬਾਰੇ ਹੰਗਾਮੀ ਮੀਟਿੰਗ ਸੱਦੀ ਏ ਪ੍ਰਸ਼ਾਸਨ ਨੇ। ਉੱਥੇ ਜਾਣਾ ਜ਼ਰੂਰੀ ਏ ਕਿ ਆਹ ਰੰਡੀ ਰੋਣੇ ਦਾ ਨਿਪਟਾਰਾ ਕਰਨਾ?

ਸਿਪਾਹੀ : ਸਰ, ਆਹ ਰੰਡੀ ਰੋਣਾ ਤਾਂ ਚਲਦਾ ਈ ਰਹਿੰਦੈ ਚੌਵੀ ਘੰਟੇ।

ਹਿੰਮਤ ਸਿੰਘ : (ਥਾਣੇਦਾਰ ਨੂੰ) ਥਾਣੇਦਾਰ ਸਾਹਿਬ, ਜੇ ਤੁਸੀਂ ਮੀਟਿੰਗ ਅਟੈਂਡ ਕਰਨੀ ਏ ਤਾਂ ਆਪਣੀ ਥਾਂ ਨੈਕਸਟ ਕਰਮਚਾਰੀ ਦੀ ਡਿਊਟੀ ਲਾ ਦਿਓ।

ਥਾਣੇਦਾਰ : ਅਡਵਾਈਸ ਨਹੀਂ ਕਰਨੀ। ਸਾਡੇ ਮਹਿਕਮੇ ਦੇ ਕੰਮਾਂ ਦਾ ਤੁਹਾਨੂੰ ਕੀ ਪਤੈ। ਸ਼ਾਮ ਪੰਜ ਵਜੇ ਆ ਜਾਣਾ, ਆਪਣੀਆਂ ਕਿਤਾਬਾਂ ਵੀ ਲੈ ਆਉਣਾ ਕਾਮਰੇਡ ਜੀ।

ਹਿੰਮਤ ਸਿੰਘ : ਅਸੀਂ ਕਿਤਾਬਾਂ ਵਾਲੇ ਇਸ ਇਸ਼ੂ 'ਚ ਇਸ ਵਕਤ ਉਲਝਣਾ ਨਹੀਂ ਚਾਹੁੰਦੇ, ਅਸੀਂ ਤਾਂ ਉਸ ਵੱਡੇ ਬਦਮਾਸ਼ ਨੂੰ ਵੇਖਣਾ ਚਾਹੁੰਦੇ ਹਾਂ ਜਿਹਨੇ ਇੱਕ ਬਜ਼ੁਰਗ ਦੀ ਪੱਗ ਲਾਹ ਦਿੱਤੀ।

ਥਾਣੇਦਾਰ : ਫਿਰ ਤੁਸੀਂ ਸਿੱਧੇ ਹੀ ਉਸ ਮੁੰਡੇ ਨੂੰ ਟੱਕਰ ਲੈਣਾ ਸੀ, ਇੱਥੇ ਕੀ ਲੈਣ ਆਏ?

ਹਿੰਮਤ ਸਿੰਘ : ਅਸੀਂ ਕਾਨੂੰਨ ਆਪਣੇ ਹੱਥ 'ਚ ਨਹੀਂ ਲੈਣਾ ਚਾਹੁੰਦੇ।

ਥਾਣੇਦਾਰ : ਫਿਰ ਕਾਨੂੰਨ ਨੂੰ ਆਪਣਾ ਕੰਮ ਕਰਨ ਦਿਓ। ਠੀਕ ਏ ਪੰਜ ਵਜੇ.... (ਥਾਣੇਦਾਰ ਚਲਾ ਜਾਂਦਾ ਹੈ)

ਸਿਪਾਹੀ : ਕਾਨੂੰਨ ਆਪਣਾ ਕੰਮ ਪੰਜ ਵਜੇ ਕਰੇਗਾ। ਇੱਥੇ ਫੈਸਲੇ ਸ਼ਾਮ ਨੂੰ ਛੇਤੀ ਹੁੰਦੇ ਨੇ ਕਾਮਰੇਡ ਜੀ।

ਕਾਮਰੇਡ : ਇਸ ਤਰ੍ਹਾਂ ਕਿਉਂ?

ਸਿਪਾਹੀ : ਸ਼ਾਮ ਨੂੰ ਹਰ ਬੰਦੇ ਦੇ ਸਿਰ 'ਚ ਕੀੜੇ ਨੱਚਣ ਲੱਗ ਪੈਂਦੇ ਨੇ। ਦੋ ਚਾਰ ਪੈੱਗ ਅੰਦਰ ਜਾਣ ਤਾਂ ਕੀੜੇ ਵੀ ਸ਼ਰਾਬੀ। (ਹੱਸਦਾ ਹੈ) ਤੁਸੀਂ ਦਸ ਬੰਦੇ ਆ ਗਏ ਤਾਂ ਤਿੰਨ ਚਾਰ ਬੋਤਲਾਂ ਉੱਡੀਆਂ ਸਮਝੋ।

ਹਿੰਮਤ ਸਿੰਘ : ਅਸੀਂ ਦਸ ਜਣੇ ਹੋਈਏ ਜਾਂ ਵੀਹ। ਸਾਡੇ ਵਿੱਚੋਂ ਇੱਕ ਬੰਦਾ ਵੀ ਕਾਮਰੇਡ ਦਾ ਇੱਕ ਪੈਸਾ ਨਹੀਂ ਲਵਾਏਗਾ, ਚਾਹ ਪੀਵਾਂਗੇ ਤਾਂ ਵੀ ਆਪੋ ਆਪਣੀ।

ਸਿਪਾਹੀ : ਫਿਰ ਤਾਂ ਅੱਜ ਇਨਕਲਾਬ ਆ ਕੇ ਹੀ ਰਹੇਗਾ।

ਕਾਮਰੇਡ : (ਹਿੰਮਤ ਸਿੰਘ ਨੂੰ) ਤੁਹਾਡੀ ਮਿਹਰਬਾਨੀ, ਤੁਸੀਂ ਐਨ ਸਮੇਂ ਸਿਰ

ਆ ਗਏ ਸਾਥੀ ਲੈ ਕੇ।

ਹਿੰਮਤ ਸਿੰਘ : ਸ਼ਾਮ ਨੂੰ ਹੋਰ ਸਾਥੀ ਵੀ ਲੈ ਕੇ ਆਵਾਂਗੇ। ਸ਼ਾਮ ਨੂੰ ਗੱਲ ਸਿਰੇ ਲਾ ਕੇ ਹੀ ਵਾਪਸ ਜਾਵਾਂਗੇ।

(ਸਾਰੇ ਜਾਂਦੇ ਹਨ)

(ਹਨ੍ਹੇਰਾ)

## ਦ੍ਰਿਸ਼ ਚਾਰ

ਸਥਾਨ : ਪੁਲਿਸ ਸਟੇਸ਼ਨ ਦਾ ਵਿਹੜਾ।

ਕਾਮਰੇਡ : (ਘੜੀ ਵੱਲ ਵੇਖਦਾ ਹੋਇਆ ਹਿੰਮਤ ਸਿੰਘ ਨੂੰ) ਟਾਈਮ ਪੰਜ ਵਜੇ ਦਾ ਦਿੱਤਾ ਸੀ, ਸਾਢੇ ਪੰਜ ਵੱਜ ਗਏ ਨੇ। ਥਾਣੇਦਾਰ ਦੀ ਕੁਰਸੀ ਅਜੇ ਵੀ ਖਾਲ਼ੀ ਪਈ ਏ।

ਹਿੰਮਤ ਸਿੰਘ : ਕੋਈ ਨਹੀਂ ਭਾਵੇਂ ਅੱਠ ਨਾ ਵੱਜ ਜਾਣ, ਅੱਜ ਗੱਲ ਸਿਰੇ ਲਾ ਕੇ ਹੀ ਜਾਵਾਂਗੇ।

ਸਿਪਾਹੀ : ਗੱਲ ਕਿਵੇਂ ਸਿਰੇ ਲੱਗੇਗੀ ਇਹ ਤਾਂ ਮੌਕਾ ਹੀ ਦੱਸੇਗਾ। ਸਾਹਿਬ ਕੁੱਝ ਜ਼ਿਆਦਾ ਹੀ ਬਿਜ਼ੀ ਹੋ ਗਏ ਜਾਪਦੇ ਨੇ। ਪਰ ਭਾ ਜੀ ਇੱਕ ਗੱਲ ਪੱਲੇ ਬੰਨ੍ਹ ਲਓ...

ਹਿੰਮਤ ਸਿੰਘ : ਕਿਹੜੀ ਗੱਲ?

ਸਿਪਾਹੀ : ਅੱਜਕਲ੍ਹ ਜੁਗਾੜਬੰਦੀ ਕੀਤੀ ਕੰਮ ਆਉਂਦੀ ਏ। ਐਵੇਂ ਥੁੱਕੀਂ ਵੜੇ ਨਾ ਪਕਾਉਣ ਲੱਗ ਪਇਓ।

ਹਿੰਮਤ ਸਿੰਘ : ਜੁਗਾੜਬੰਦੀ ਦਾ ਕੀ ਹਿਸਾਬ ਕਿਤਾਬ ਏ?

ਸਿਪਾਹੀ : (ਹੱਸਦਾ ਹੋਇਆ) ਪਹਿਲੀ ਵਾਰ ਠਾਣੇ ਆਏ ਲਗਦੇ ਹੋ। ਇਹ ਠਾਣਾ ਏ ਠਾਣਾ, ਇੱਥੇ ਆਉਣ ਤੋਂ ਤਾਂ ਧਰਮਰਾਜ ਵੀ ਥਰ ਥਰ ਕੰਬਦਾ ਏ।

ਹਿੰਮਤ ਸਿੰਘ : ਆ ਲੈਣ ਦਿਓ ਥਾਣੇਦਾਰ ਨੂੰ, ਵੇਖ ਲਵਾਂਗੇ।

ਸਿਪਾਹੀ : ਬਾਹਰ ਗੱਡੀ ਦੀ ਅਵਾਜ਼ ਆ ਗਈ, ਸਾਹਿਬ ਦੀ ਗੱਡੀ ਏ। ਇਸ ਗੱਡੀ ਦੀ 'ਵਾਜ ਬੜੀ ਰੋਅਬ ਵਾਲੀ ਏ। ਲਓ ਜੀ, ਤੁਹਾਡੀ ਉਡੀਕ ਖਤਮ ਤੇ ਮਜਮਾ ਸ਼ੁਰੂ।

(ਥਾਣੇਦਾਰ ਆ ਕੇ ਕੁਰਸੀ 'ਤੇ ਬੈਠਦਾ ਹੈ)

ਥਾਣੇਦਾਰ : (ਸਿਪਾਹੀ ਨੂੰ) ਉਹ ਬਦਮਾਸ਼ ਫੜ ਕੇ ਲਿਆਂਦਾ ਏ ਕਿ ਨਹੀਂ?



ਸਿਪਾਹੀ : ਸਾਹਿਬ ਜੀ, ਦੋ ਮੁਲਾਜ਼ਮ ਗਏ ਸੀ। ਬੜੀ ਮਿਹਨਤ ਕੀਤੀ, ਪੂਰੀ ਸਰਚ ਕੀਤੀ ਤਾਂ ਜਾ ਕੇ ਉਹ ਕਾਬੂ ਆਇਆ। ਉਹਨੂੰ ਡੱਕ ਦਿੱਤੈ ਮੱਛਰਾਂ ਵਾਲੇ ਕਮਰੇ 'ਚ।

ਥਾਣੇਦਾਰ : (ਕਾਮਰੇਡ ਨੂੰ) ਬਾਹਰ ਵੀਹ ਪੰਝੀ ਬੰਦੇ ਖੜ੍ਹੇ ਨੇ, ਕੌਣ ਨੇ ਉਹ?

ਕਾਮਰੇਡ : ਜੀ ਉਹ ਸਾਡੇ ਸਾਥੀ ਨੇ।

ਥਾਣੇਦਾਰ : ਇੱਥੇ ਕੋਈ ਕਬੱਡੀ ਦਾ ਮੈਚ ਹੋਣਾ ਏ? ਐਨਾ ਰਸ਼ ਕਰ ਲਿਐ।

ਹਿੰਮਤ ਸਿੰਘ : ਉਹ ਬੰਦੇ ਤਾਂ ਹਮਦਰਦੀ ਕਰਕੇ ਆਪੇ ਆ ਗਏ ਨੇ।

ਥਾਣੇਦਾਰ : (ਸਿਪਾਹੀ ਨੂੰ) ਉਸ ਬਦਮਾਸ਼ ਘੁੱਗ ਨੂੰ ਬੁਲਾ ਇੱਥੇ।

(ਸਿਪਾਹੀ ਚਲਾ ਜਾਂਦਾ ਹੈ)

ਸਵੇਰ ਤੋਂ ਰਾਤ ਤਾਈਂ ਚੱਲ ਸੋ ਚੱਲ। ਚੌਵੀ ਘੰਟੇ ਇਹੋ ਕੁੱਤੇ ਖਾਣੀ ਚਲਦੀ ਰਹਿੰਦੀ ਏ। ਇੱਕ ਬਦਮਾਸ਼ ਨੂੰ ਸੋਧਾ ਲਾਉਂਦੇ ਹਾਂ ਤਾਂ ਦਸ ਹੋਰ ਉੱਠ ਪੈਂਦੇ ਨੇ। ਕਾਹਦੀ ਡਿਊਟੀ ਏ....

ਹਿੰਮਤ ਸਿੰਘ : ਕਿਸੇ ਨਾ ਕਿਸੇ ਨੂੰ ਡਿਊਟੀ ਤਾਂ ਕਰਨੀ ਹੀ ਪੈਣੀ ਏ।

(ਸਿਪਾਹੀ, ਘੁੱਗ ਨੂੰ ਲੈ ਕੇ ਆਉਂਦਾ ਹੈ)

ਘੁੱਗ : ਸਾਹਿਬ ਬਹਾਦਰ, ਸਾਸਰੀ ਕਾਲ। ਮੈਨੂੰ ਬੁਲਾਇਐ, ਕੀ ਹੁਕਮ ਏ ਸਰਕਾਰ ਦਾ?

ਥਾਣੇਦਾਰ : ਤੂੰ ਕੱਲ੍ਹ ਦਿਨ ਛਿਪੇ ਇਸ ਬਜ਼ੁਰਗ ਦੇ ਥੱਪੜ ਮਾਰ ਕੇ ਇਹਦੀ ਪੱਗ ਲਾਹੀ ਸੀ?

ਘੁੱਗ : ਮੈਂ? ਮੈਂ ਕਿਉਂ ਕਿਸੇ ਦੀ ਪੱਗ ਲਾਹਵਾਂ? (ਕਾਮਰੇਡ ਨੂੰ) ਮੈਂ ਤੇਰੀ ਪੱਗ ਕਿੱਥੇ ਲਾਹੀ ਸੀ?

ਕਾਮਰੇਡ : ਤੈਨੂੰ ਨਹੀਂ ਪਤਾ? ਪੱਗ ਵੀ ਲਾਹੀ ਸੀ ਤੇ.... (ਗੁੱਸੇ ਵਿੱਚ) ਭੈਣਾਂ ਦੀਆਂ ਗਾਲ੍ਹਾਂ ਵੀ ਕੱਢੀਆਂ ਸੀ ਤੂੰ ਇਸ ਗੰਦੀ ਜ਼ੁਬਾਨ ਤੋਂ।

ਘੁੱਗ : ਤੇਰੀ ਜ਼ੁਬਾਨ ਤੋਂ ਫੁੱਲ ਕਿਰਦੇ ਨੇ। ਹੋਸ਼ ਨਾਲ ਬੋਲ.... ਨਹੀਂ ਤਾਂ ਪਛਤਾਵੇਂਗਾ ਬੁੱਢਿਆ।

ਹਿੰਮਤ ਸਿੰਘ : (ਘੁੱਗ ਨੂੰ) ਤੈਨੂੰ ਸ਼ਰਮ ਨਹੀਂ ਆਉਂਦੀ ਇਸ ਸਤਿਕਾਰਯੋਗ ਬਜ਼ੁਰਗ ਨੂੰ ਇੰਜ ਬੋਲਦੇ।

ਘੁੱਗ : ਇਹ ਬੁੱਢਾ ਸਤਿਕਾਰਜੋਗ ਏ ਤਾਂ ਆਪਾਂ ਕਿਹੜੇ ਲੁੱਚੇ ਲਫੰਗੇ ਬਦਮਾਸ਼ ਆਂ।

ਹਿੰਮਤ ਸਿੰਘ : ਤੂੰ ਜੋ ਵੀ ਹੈਂ ਤੇਰੀ ਜ਼ੁਬਾਨ ਦੱਸ ਰਹੀ ਏ। (ਥਾਣੇਦਾਰ ਨੂੰ) ਥਾਣੇਦਾਰ

ਸਾਹਿਬ, ਇਹ ਕਾਮਰੇਡ ਸੱਚਾ ਸੁੱਚਾ ਇਨਸਾਨ ਏ। ਇਹਨਾਂ ਹੋਰ ਕਿਸੇ ਦਾ ਨਾਂ ਕਿਉਂ ਨਹੀਂ ਲਿਆ ਪੱਗ ਲਾਹੁਣ ਬਾਰੇ।

ਥਾਣੇਦਾਰ : ਘੁੱਗ, ਜੇ ਤੇਰੇ ਕੋਲੋਂ ਗਲਤੀ ਹੋ ਗਈ ਏ ਤਾਂ ਬੰਦਿਆਂ ਵਾਂਗੂੰ ਮੰਨ ਜਾ, ਨਹੀਂ ਤਾਂ ਤੈਨੂੰ ਪਤੈ ਸਾਡਾ...

ਘੁੱਗ : ਸਾਹਿਬ ਜੀ, ਗਲਤੀ ਕੀਤੀ ਨਹੀਂ ਤਾਂ ਆਪਣੇ ਸਿਰ ਕਿਉਂ ਲੈ ਲਵਾਂ।

ਥਾਣੇਦਾਰ : ਇਹ ਕਾਮਰੇਡ ਤੇਰਾ ਹੀ ਨਾਂ ਲੈ ਰਿਹੈ।

ਘੁੱਗ : ਨਾਂ ਲੈਂਦਾ ਏ ਤਾਂ ਲਈ ਜਾਵੇ। ਮੈਂ ਇਹਦਾ ਸਿਰ ਤਾਂ ਨਹੀਂ ਪਾੜ ਦਿੱਤਾ।

ਹਿੰਮਤ ਸਿੰਘ : ਸਿਰ ਨਹੀਂ ਪਾੜਿਆ ਪਰ ਤੂੰ ਪੱਗ ਵੀ ਲਾਹੀ ਏ ਤੇ ਗਾਲ੍ਹਾਂ ਵੀ ਕੱਢੀਆਂ।

ਘੁੱਗ : ਹੈ ਕੋਈ ਸਬੂਤ ਕਿ ਮੈਂ ਇਸ ਬੰਦੇ ਦੇ ਥੱਪੜ ਜੜਿਐ?

ਥਾਣੇਦਾਰ : (ਕਾਮਰੇਡ ਨੂੰ) ਤੁਹਾਡੇ ਪਾਸ ਕੀ ਸਬੂਤ ਏ ਕਿ ਇਹ ਨੌਜਵਾਨ ਦੋਸ਼ੀ ਏ?

ਕਾਮਰੇਡ : ਬਾਹਰ ਮੇਰੇ ਸਾਥੀ ਖੜ੍ਹੇ ਨੇ, ਉਹਨਾਂ ਵਿੱਚ ਦੋ ਬੰਦੇ ਮੌਕੇ ’ਤੇ ਉੱਥੇ ਸਨ। ਬੁਲਾਵਾਂ ਉਹਨਾਂ ਨੂੰ?

ਘੁੱਗ : ਝੂਠੇ ਗਵਾਹ ਜਿੰਨੇ ਮਰਜ਼ੀ ਬਣਾ ਲਓ ਦਾਰੂ ਪਿਆ ਕੇ। ਉਹਨਾਂ ਦੋ ਬੰਦਿਆਂ ਦੀ ਵੀ ਇਸ ਬੁੱਢੇ ਨੇ ਚੁੰਝ ਗਿੱਲੀ ਕੀਤੀ ਹੋਣੀ ਏ।

ਥਾਣੇਦਾਰ : ਘੁੱਗ, ਤੇਰਾ ਵੀ ਗਵਾਹ ਹੈ ਕੋਈ ਇੱਥੇ?

ਘੁੱਗ : ਆਏ ਨੇ ਚਾਰ ਪੰਜ ਲੰਬੜ ਕੱਟੇ। (ਇਧਰ ਉਧਰ ਵੇਖਦਾ ਹੈ ਪਰ ਉਸ ਦਾ ਕੋਈ ਸਾਥੀ ਵਿਖਾਈ ਨਹੀਂ ਦਿੰਦਾ) ਸਾਲੇ ਮੇਰੇ ਠੇਕੇ ’ਤੇ ਜਾ ਵੱਜੇ ਹੋਣੇ ਨੇ। ਪਰ ਮੈਨੂੰ ਗਵਾਹ ਦੀ ਲੋੜ ਈ ਕੀ ਏ ਜਦ ਮੈਂ ਕੋਈ ਗਲਤੀ ਨਹੀਂ ਕੀਤੀ।

ਥਾਣੇਦਾਰ : (ਰੋਅਬ ਨਾਲ) ਧਿਆਨ ਨਾਲ ਸੁਣੋ ਦੋਵੇਂ ਧਿਰਾਂ, ਪੁਲੀਸ ਸਾਰੇ ਮਾਮਲੇ ਦੀ ਤਫਤੀਸ਼ ਕਰੇਗੀ ਮੌਕੇ ’ਤੇ ਜਾ ਕੇ। ਅੱਜ ਰਾਤ ਕਾਮਰੇਡ ਤੇ ਘੁੱਗ ਨੂੰ ਅੰਦਰ ਡੱਕ ਦਿੰਦੇ ਹਾਂ। ਫੈਸਲਾ ਕੱਲ੍ਹ ਹੋਵੇਗਾ। (ਹਿੰਮਤ ਸਿੰਘ ਨੂੰ, ਜੋ ਕਿਸੇ ਨੂੰ ਫੋਨ ਕਰ ਰਿਹਾ ਹੈ) ਤੂੰ ਕਿਹਨੂੰ ਫੋਨ ਤੇ ਸਾਰੀ ਸੂਚਨਾ ਦੇ ਰਿਹੈਂ?

ਹਿੰਮਤ ਸਿੰਘ : ਬਾਹਰ ਖੜ੍ਹੇ ਸਾਥੀਆਂ ਨੂੰ। ਅਸੀਂ ਪੂਰਾ ਮੇਲਾ ਲਾਵਾਂਗੇ ਸਾਰੀ ਰਾਤ।



ਥਾਣੇਦਾਰ : ਸਾਨੂੰ ਧਮਕੀ ਦੇ ਰਿਹੈਂ? ਦੋ ਮਿੰਟ ਨਹੀਂ ਕੱਢਣਾ ਇਨ੍ਹਾਂ ਭੇਡਾਂ ਬੱਕਰੀਆਂ ਨੇ।

ਹਿੰਮਤ ਸਿੰਘ : ਇਹ ਭੇਡਾਂ ਬੱਕਰੀਆਂ ਨਹੀਂ, ਇਹ ਪੂਰੇ ਯੋਧੇ ਨੇ। ਮੁਲਾਜ਼ਮ ਘੋਲ ਵਿੱਚ ਕਈ ਵਾਰ ਜੇਲ੍ਹ ਜਾ ਚੁੱਕੇ ਨੇ।

ਬਾਹਰੋਂ ਆਵਾਜ਼ਾਂ : ਗੁੰਡਾ ਗਰਦੀ ਮੁਰਦਾਬਾਦ। ਧੱਕਾਸ਼ਾਹੀ ਨਹੀਂ ਚੱਲੇਗੀ, ਨਹੀਂ ਚੱਲੇਗੀ। ਬੁਰਛਾਗਰਦੀ ਮੁਰਦਾਬਾਦ।

ਥਾਣੇਦਾਰ : (ਸਿਪਾਹੀ ਨੂੰ) ਬਾਹਰ ਵੇਖ ਕੇ ਆ ਕਿੰਨੇ ਕੁ ਬੰਦੇ ਨੇ ਉੱਥੇ? ਕੋਈ ਅਖਬਾਰ ਵਾਲਾ ਤਾਂ ਨਹੀਂ ਆ ਬਹੁੜਿਆ?

(ਸਿਪਾਹੀ ਜਾਂਦਾ ਹੈ)

ਅਸੀਂ ਨਾਅਰਿਆਂ ਦੇ ਪਰੈਸ਼ਰ ਹੇਠ ਆਉਣ ਵਾਲੇ ਨਹੀਂ, ਖੰਨੀ ਖਾਂ ਮੰਨੇ ਪਰਮੰਨੇ ਥਾਣੇਦਾਰ ਹਾਂ।

ਬਾਹਰੋਂ ਆਵਾਜ਼ਾਂ : ਬਜ਼ੁਰਗ ਨੂੰ ਇਨਸਾਫ ਦਿਓ। ਗੁੰਡੇ ਨੂੰ ਅੰਦਰ ਕਰੋ, ਗੁੰਡਾ ਗਰਦੀ ਮੁਰਦਾਬਾਦ।

(ਸਿਪਾਹੀ ਦੌੜਿਆ ਹੋਇਆ ਆਉਂਦਾ ਹੈ)

ਸਿਪਾਹੀ : (ਥਾਣੇਦਾਰ ਨੂੰ) ਜਨਾਬ, ਬਾਹਰ ਤਾਂ ਫਿਲਮ ਲੱਗੀ ਏ।

ਥਾਣੇਦਾਰ : ਕਿਸ ਲਾਈ ਏ ਫਿਲਮ?

ਹਿੰਮਤ ਸਿੰਘ : ਸਾਡੇ ਇੱਕ ਸਾਥੀ ਨੇ ਚੈਨਲ ਵਾਲੇ।

ਥਾਣੇਦਾਰ : (ਘਬਰਾਹਟ ਵਿੱਚ) ਚੈਨਲ ਵਾਲੇ? (ਸਿਪਾਹੀ ਨੂੰ) ਫਿਲਮ ਵਿੱਚ ਕੀ ਵੇਖਿਆ?

ਸਿਪਾਹੀ : ਫਿਲਮ ਵਿੱਚ ਘੁੱਗ ਨੇ ਇਸ ਕਾਮਰੇਡ ਦੇ ਠਾਹ ਥੱਪੜ ਜੜ ਕੇ ਇਹਦੀ ਪੱਗ ਲਾਹ ਮਾਰੀ ਤੇ ਨਾਲੇ ਗਾਲ੍ਹਾਂ ਦਾ ਪਰਸ਼ਾਦ ਵੀ ਦੇ ਦਿੱਤਾ।

ਥਾਣੇਦਾਰ : (ਘਬਰਾਹਟ ਵਿੱਚ ਸਿਪਾਹੀ ਨੂੰ) ਸ਼ਟ ਅਪ ਨਾਨ ਸੈਨਸ।

(ਰੋਅਬ ਵਿਚ ਘੁੱਗ ਨੂੰ) ਓਏ ਘੁੱਗ, ਫਿਲਮ ਵਿੱਚ ਤੂੰ ਏਂ ਜਾਂ ਤੇਰਾ ਪਿਓ?

ਘੁੱਗ : ਮੈਂ.....ਮੈਂ....

ਥਾਣੇਦਾਰ : ਹਾਂ, ਤੇਰੇ ’ਤੇ ਲਾਉਂਦਾ ਵਾਂ ਧਾਰਾ ਐਸੀ ਕਿ ਪਤਾ ਲਗਜੂ ਕਿਸੇ ਬਜ਼ੁਰਗ, ਭਲੇਮਾਣਸ ਨੂੰ ਹੱਥ ਕਿਵੇਂ ਪਾਈਦੈ। (ਕਾਮਰੇਡ ਨੂੰ) ਬਜ਼ੁਰਗੋ ਤੁਸੀਂ ਜਾਓ, ਤੁਹਾਡੀ ਡਿਊਟੀ ਖਤਮ ਤੇ ਸਾਡੀ ਸ਼ੁਰੂ। (ਸਿਪਾਹੀ

ਨੂੰ) ਦੋ ਮੁਲਾਜ਼ਮ ਸੱਦ ਕੇ ਲਿਟਾਓ ਘੁੱਗ ਨੂੰ ਭੁੰਜੇ, ਪਟੇ ਮਾਰ ਮਾਰ ਇਹਦੀ ਸਾਰੀ ਬਦਮਾਸ਼ੀ ਬਾਹਰ ਕੱਢ ਦਿਓ। (ਘੁੱਗ ਨੂੰ) ਓਏ, ਬਹਿਜਾ ਥੱਲੇ।

(ਘੁੱਗ ਜ਼ਮੀਨ 'ਤੇ ਬੈਠ ਜਾਂਦਾ ਹੈ)

ਹਿੰਮਤ ਸਿੰਘ : ਥਾਣੇਦਾਰ ਸਾਹਿਬ, ਅਸੀਂ ਨਹੀਂ ਚਾਹੁੰਦੇ ਕਿ ਇਹ ਨੌਜਵਾਨ ਇਥੇ ਪੁਲਿਸ ਦੀ ਕੁੱਟ ਖਾਵੇ।

ਥਾਣੇਦਾਰ : (ਹੈਰਾਨੀ ਵਿੱਚ) ਆਖਰਕਾਰ ਤੁਸੀਂ ਚਾਹੁੰਦੇ ਕੀ ਹੋ?

ਕਾਮਰੇਡ : ਸਾਡੀ ਦੁਸ਼ਮਣੀ ਕਿਸੇ ਬਦਮਾਸ਼ ਨਾਲ ਨਹੀਂ, ਸਗੋਂ ਬਦਮਾਸ਼ੀ ਨਾਲ ਹੈ, ਜੋ ਇਨਸਾਨ ਨੂੰ ਹੈਵਾਨ ਬਣਾ ਦਿੰਦੀ ਏ। ਅਸੀਂ ਚਾਹੁੰਦੇ ਹਾਂ ਕਿ ਇਹ ਨੌਜਵਾਨ ਆਪਣੇ ਆਪ 'ਚ ਸੁਧਾਰ ਕਰੇ, ਇੱਕ ਜ਼ਿੰਮੇਵਾਰ ਬੰਦਾ ਬਣ ਕੇ ਸਮਾਜ 'ਚ ਵਿਚਰੇ।

ਹਿੰਮਤ ਸਿੰਘ : ਜੇ ਇਹ ਨੌਜਵਾਨ ਆਪਣੀ ਗਲਤੀ ਮਹਿਸੂਸ ਕਰੇ ਤੇ ਵਾਅਦਾ ਕਰੇ ਕਿ ਅਜਿਹੀ ਗਲਤੀ ਫਿਰ ਨਹੀਂ ਕਰੇਗਾ ਤਾਂ ਅਸੀਂ ਆਪਣੀ ਦਰਖਾਸਤ ਵਾਪਸ ਲੈਣ ਲਈ ਤਿਆਰ ਹਾਂ।

ਬਾਹਰੋਂ ਅਵਾਜ਼ਾਂ : ਘੁੱਗ ਦਾ ਘੁੱਗੂ ਬੋਲੇਗਾ, ਕਿਸੇ ਦੀ ਪੱਤ ਨੂੰ ਕਿਵੇਂ ਰੋਲੇਗਾ।

ਥਾਣੇਦਾਰ : ਘੁੱਗ ਟੱਕਰ ਲੈਣੀ ਏ ਕਿ ਮਾਫੀ ਮੰਗਣੀ ਏ?

ਘੁੱਗ : ਮਾਫੀ ਨਾਲ ਜਾਨ ਛੁੱਟ ਜੂ?

ਹਿੰਮਤ ਸਿੰਘ : ਹਾਂ, ਪਰ ਜੇ ਤੂੰ ਆਪਣੀ ਕੀਤੀ ਗਲਤੀ ਦਿਲੋਂ ਮਹਿਸੂਸ ਕਰੇਂ ਤਾਂ....

ਘੁੱਗ : (ਕਾਮਰੇਡ ਦੇ ਗੋਡਿਆਂ ਨੂੰ ਹੱਥ ਲਾਉਂਦਾ ਹੋਇਆ) ਤੁਸੀਂ ਇੰਨੇ ਰਹਿਮ ਕਰਨ ਵਾਲੇ ਹੋ (ਰੋਂਦਾ ਹੋਇਆ) ਤੁਸੀਂ ਤਾਂ ਮੇਰੇ ਬਾਪੂ ਵਰਗੇ ਹੋ.... ਮੈਂ ਤੁਹਾਡੇ ਸਾਰਿਆਂ ਕੋਲੋਂ ਹੱਥ ਜੋੜ ਕੇ ਮਾਫੀ ਮੰਗਦਾਂ।

ਥਾਣੇਦਾਰ : (ਕਾਮਰੇਡ ਨੂੰ) ਇਹ ਲਓ ਆਪਣੀ ਦਰਖਾਸਤ। (ਸਿਪਾਹੀ ਨੂੰ) ਘੁੱਗ ਨੂੰ ਅੰਦਰ ਲੈ ਜਾ, ਇਹਨੂੰ ਘੰਟੇ ਬਾਅਦ ਛੱਡਾਂਗੇ, ਸਾਰੀ ਭੀੜ ਘਰਾਂ ਨੂੰ ਤਿਤਰ ਹੋ ਜਾਣ ਦੇ।

ਹਿੰਮਤ ਸਿੰਘ : ਘੁੱਗ ਨੂੰ ਸਾਡੇ ਨਾਲ ਜਾਣ ਦਿਓ। ਮੇਰੀ ਗਰੰਟੀ ਏ ਸਾਡਾ ਕੋਈ ਸਾਥੀ ਇਹਨੂੰ ਕੁੱਝ ਨਹੀਂ ਕਹੇਗਾ।

ਕਾਮਰੇਡ : (ਖੁਸ਼ ਹੁੰਦਾ ਹੋਇਆ) ਅੱਜ ਸੱਚ ਦੀ ਜਿੱਤ ਹੋਈ ਏ। (ਹਿੰਮਤ ਸਿੰਘ ਨੂੰ) ਭਾਵੇਂ ਕੋਈ ਸੀਨੀਅਰ ਲਿਖਾਰੀ ਏ ਜਾਂ ਫਿਰ ਨਵਾਂ ਲੇਖਕ ਏ,



ਦੋਹਾਂ ਪਾਸ ਕਲਮ ਏ। ਸਭ ਦਾ ਇਕੋ ਮਕਸਦ ਏ ਹਨ੍ਹੇਰਾ ਦੂਰ ਕਰਕੇ ਚਾਨਣ ਦਾ ਛੱਟਾ ਦੇਣਾ। ਸਾਨੂੰ ਹਰ ਕਲਮ ਨੂੰ ਉਤਸ਼ਾਹਤ ਕਰਨਾ ਚਾਹੀਦੈ, ਇਹੋ ਸਾਡੀ ਜਾਇਦਾਦ ਏ, ਇਹੋ ਸਾਡਾ ਭਵਿੱਖ ਏ।

ਹਿੰਮਤ ਸਿੰਘ : ਦਰੁਸਤ ਫੁਰਮਾਇਆ ਕਾਮਰੇਡ ਜੀ, ਇਕੱਠ ਲੋਹੇ ਦੀ ਲੱਠ।

ਪਿੱਛੋਂ ਆਵਾਜ਼ : ਸਾਹਿਤ ਦੇ ਬੋਲ ਪਿਆਰੇ ਨੇ
ਇਹ ਜ਼ਿਮੀਂ ਤੇ ਸਿਤਾਰੇ ਨੇ।
ਇਹ ਰੂਪ ਵੱਲੋਂ ਫਕੀਰ ਵੀ
ਵਹਿੰਦੀ ਗੰਗਾ ਦਾ ਨੀਰ ਵੀ।
ਬਣ ਜਾਂਦੇ ਕਦੇ ਤਾਂ ਤੀਰ ਵੀ
ਇਹਦੇ ਅਜਬ ਹੀ ਵਰਤਾਰੇ ਨੇ।
ਸਾਹਿਤ ਦੇ ਬੋਲ....

(ਹਨ੍ਹੇਰਾ)

# ਬਾਪੂ ਦਾ ਵਿਹੜਾ



| | |
|---|---|
| ਅਨੂਪ ਚੰਦ : | ਇੱਕ ਕਾਲਜ ਦਾ ਪ੍ਰੋਫ਼ੈਸਰ |
| ਮੋਨਿਕਾ : | ਅਨੂਪ ਚੰਦ ਦੀ ਪਤਨੀ |
| ਗੁਰਨਾਮ : | ਅਨੂਪ ਚੰਦ ਦਾ ਮਿੱਤਰ |
| ਕਰਤਾਰ ਚੰਦ : | ਅਨੂਪ ਚੰਦ ਦਾ ਪਿਤਾ |
| ਬੱਬੂ : | ਅਨੂਪ ਚੰਦ ਦਾ ਪੁੱਤਰ |
| ਸ਼ਵੀ : | ਬੱਬੂ ਦੀ ਪਤਨੀ |

## ਦ੍ਰਿਸ਼ ਪਹਿਲਾ

ਸਥਾਨ : ਪ੍ਰੋ. ਅਨੂਪ ਚੰਦ ਦੇ ਪਿੰਡ ਵਿਚਲੀ ਕੋਠੀ।

(ਪ੍ਰੋ. ਅਨੂਪ ਚੰਦ ਅਤੇ ਉਸ ਦੀ ਪਤਨੀ ਮੋਨਿਕਾ ਸੋਫੇ ’ਤੇ ਬੈਠੇ ਹਨ, ਅਨੂਪ ਚੰਦ ਦੇ ਚਿਹਰੇ ’ਤੇ ਗੁੱਸੇ ਦੇ ਹਾਵ ਭਾਵ ਨਜ਼ਰ ਆਉਂਦੇ ਹਨ)

ਅਨੂਪ ਚੰਦ : ਮੋਨਿਕਾ!

ਮੋਨਿਕਾ : ਕੀ ਗੱਲ ਏ?

ਅਨੂਪ ਚੰਦ : ਪਾਣੀ ਦਾ ਗਲਾਸ ਫੜਾ, ਪਾਣੀ ਠੰਡਾ ਲਿਆਈਂ ਫਰਿਜ ਦਾ।

ਮੋਨਿਕਾ : ਫਰਿੱਜ ਦਾ ਹੀ ਲੈ ਕੇ ਆਵਾਂਗੀ।

(ਅੰਦਰ ਜਾਂਦੀ ਹੈ)

ਅਨੂਪ ਚੰਦ : ਡਿਊਟੀ ਤੋਂ ਜਦ ਵੀ ਘਰ ਪਰਤਦਾਂ, ਕੋਈ ਨਾ ਕੋਈ ਕਲਹਿਣਾ ਮੱਥੇ ਲੱਗ ਈ ਜਾਂਦੈ।

(ਮੋਨਿਕਾ ਪਾਣੀ ਦਾ ਗਲਾਸ ਲੈ ਕੇ ਆਉਂਦੀ ਹੈ)

ਮੋਨਿਕਾ : ਲਓ, ਅੱਜ ਕੀ ਹੋਇਐ? ਤੁਹਾਡਾ ਮੂੰਹ ਕਿਵੇਂ ਲਾਲ ਸੂਹਾ ਹੋਇਐ?

ਅਨੂਪ ਚੰਦ : ਚਿਹਰਾ ਰਹਿਣ ਦਿੰਦੇ ਨੇ ਨਾਰਮਲ ਜਿਹੜੇ ਰਸਤੇ ’ਚ ਨਾਕਾ ਲਾ ਕੇ ਬੈਠੇ ਹੁੰਦੇ ਨੇ ਸਾਲੇ ਨਜ਼ਰ ਵੱਟੂ। ਅਵਾਰਾ ਕੁੱਤਿਆਂ ਵਾਲਾ ਸਾਬ੍ਹ ਏ ਇਹਨਾਂ ਦਾ।

ਮੋਨਿਕਾ : ਰਾਹ ਵਿੱਚ ਜਾਂਦੇ ਵਕਤ ਕਿਸੇ ਵੱਲ ਤੱਕੋ ਹੀ ਨਾ। ਕਾਲਜ ਪੜ੍ਹਾਉਂਦੇ ਹੋ, ਭਾਂਤ ਭਾਂਤ ਦੀ ਦੁਨੀਆਂ ਤਾਂ ਟੱਕਰਦੀ ਹੀ ਰਹਿਣੀ ਏ।

ਅਨੂਪ ਚੰਦ : ਤੈਨੂੰ ਪਤੈ ਮੈਂ ਅੱਧਾ ਘੰਟਾ ਸਵੇਰੇ ਪਹਿਲਾਂ ਹੀ ਤਿਆਰ ਹੋ ਕੇ ਬੱਸ ਅੱਡੇ ’ਤੇ ਜਾ ਪਹੁੰਚਦਾਂ। ਉਦੋਂ ਅੱਡੇ ’ਤੇ ਰਸ਼ ਨਹੀਂ ਹੁੰਦਾ। ਬੱਸ ਦਾ ਘੰਟੇ ਸਵਾ ਘੰਟੇ ਦਾ ਸਫ਼ਰ ਚੈਨ ਨਾਲ ਲੰਘ ਜਾਂਦੈ। ਕਾਲਜ ’ਚ ਚਾਰ ਪੀਰੀਅਡ ਪੂਰੀ ਜਾਨ ਮਾਰ ਕੇ ਲਾਈਦੇ ਨੇ। ਵਾਪਸੀ ’ਤੇ ਥੱਕੇ ਟੁੱਟੇ ਬੱਸ ਤੋਂ ਉਤਰ ਕੇ ਘਰ ਵੱਲ ਆਈਏ ਤਾਂ....ਬਾਪੂ ਦੀ ਦੁਕਾਨ ਵਿਚੋਂ ਬੇਸ਼ਰਮ ’ਵਾਜਾਂ ਸਵਾਗਤ ਕਰਦੀਆਂ ਨੇ ਮੇਰਾ।

ਮੋਨਿਕਾ : ਮੈਂ ਵੀ ਤਾਂ ਡਿਊਟੀ ਜਾਂਦੀ ਹਾਂ ਸਕੂਲ। ਮੈਂ ਨਹੀਂ ਝਾਕਦੀ ਇਧਰ ਓਧਰ। ਨੱਕ ਦੀ ਸੇਧੇ ਸਿੱਧੀ ਘਰ ਪਰਤ ਆਉਂਦੀ ਹਾਂ।

ਅਨੂਪ ਚੰਦ : ਕਿੱਥੇ ਤੇਰੇ ਸਕੂਲ ਦੇ ਨਿਆਣੇ ਨਲੀ ਚੋਚੋ ਤੇ ਕਿੱਥੇ ਸਾਡੇ ਕਾਲਜ



ਦੇ ਲੰਗੋਚ। ਬੜੀ ਕਲਾ ਨਾਲ ਕਾਬੂ ਕਰਦੇ ਹਾਂ। ਕਾਲਜ ਤਾਂ ਨਿਕਲ ਈ ਜਾਂਦੈ ਟਾਈਮ.... ਪਰ ਪਿੰਡ ਦੇ ਲੋਕਾਂ ਦੀ ਜ਼ੁਬਾਨ ਪਾਰਾ ਉੱਪਰ ਚਾੜ੍ਹ ਦਿੰਦੀ ਏ। ਇਹੋ ਬਕਣਗੇ-ਉਹ ਜਾਂਦੈ ਕਰਤਾਰੇ ਮੋਚੀ ਦਾ ਮੁੰਡਾ। ਕੋਈ ਨਹੀਂ ਕਹਿੰਦਾ ਮਰਦਾ ਕਿ ਉਹ ਪ੍ਰੋਫੈਸਰ ਅਨੂਪ ਚੰਦ ਜਾ ਰਿਹੈ ਜਿਹੜਾ ਯੂਨੀਵਰਸਿਟੀ ਦਾ ਗੋਲਡ ਮੈਡਲ ਜੇਤੂ ਏ ਤੇ ਜ਼ਿਲ੍ਹੇ ਦੇ ਸਭ ਤੋਂ ਵੱਡੇ ਕਾਲਜ ਵਿਚ ਪੜ੍ਹਾਉਂਦਾ ਏ, ਕਲਾਸ ਵਨ ਗਜ਼ਟਿਡ ਪੋਸਟ ਏ ਉਹਦੀ....ਇਸੇ ਕਰਕੇ ਸਦਾ ਸਦਾ ਲਈ ਇਹ ਇਲਾਕਾ ਛੱਡ ਕੇ ਸ਼ਹਿਰ ਜਾਣ ਦਾ ਪ੍ਰੋਗਰਾਮ ਬਣਾਉਣਾ ਪਿਐ। ਅਗਲੇ ਹਫਤੇ ਇਹ ਕੋਠੀ ਵੀ.....

ਮੋਨਿਕਾ : ਕੋਠੀ ਦਾ ਸੌਦਾ ਕਰ ਲਿਐ?

ਅਨੂਪ ਚੰਦ : ਅਗਲੇ ਸਾਈ ਵੀ ਦੇ ਗਏ ਨੇ। ਅਗਲੇ ਹਫਤੇ ਰਜਿਸਟਰੀ ਹੋਈ ਸਮਝ।

ਮੋਨਿਕਾ : ਆਪਣਾ ਘਰ ਛੱਡਣ ਦੀ ਸੋਚ ਕੇ....ਅਸਰ ਜਿਹਾ ਹੁੰਦੈ ਦਿਲ ’ਤੇ। ਮਨ ਉਖੜਿਆ ਜਿਹਾ ਰਹਿੰਦੈ ਉਸ ਦਿਨ ਦਾ ਜਦ ਤੁਸੀਂ ਸ਼ਹਿਰ ਜਾਣ ਦੀ ਰੱਟ ਲਾਈ।

ਅਨੂਪ ਚੰਦ : ਤੇਰਾ ਦਿਲ ਕਿਉਂ ਨਹੀਂ ਖੁਸ਼ ਸ਼ਹਿਰ ਜਾਣ ’ਤੇ?

ਮੋਨਿਕਾ : ਇਥੇ ਸ਼ਰੀਕੇ ’ਚ ਬੈਠੇ ਹਾਂ। ਦੁੱਖ ਸੁੱਖ ਵੇਲੇ ਆਪਣੇ ਹੀ ਕੰਮ ਆਉਂਦੇ ਨੇ।.... ਮੇਰੇ ਲਈ ਤਾਂ ਇਹੋ ਘਰ ਭਾਗਾਂ ਭਰਿਐ। ਰੱਬ ਨੇ ਦੋ ਜੁਆਕ ਝੋਲੀ ਪਾ ਦਿੱਤੇ-ਬੱਬੂ ਤੇ ਰੇਖਾ।

ਅਨੂਪ ਚੰਦ : ਦੋਹਾਂ ਨੂੰ ਪੜ੍ਹਾਉਣਾ ਨਹੀਂ? ਇੱਥੇ ਕਿਵੇਂ ਪੜ੍ਹਨਗੇ ਡੰਗਰਾਂ ਦੀ ਮੰਡੀ ’ਚ?

ਮੋਨਿਕਾ : ਜਿਹਨੇ ਪੜ੍ਹਨੈ ਇਥੇ ਹੀ ਪੜ੍ਹ ਜਾਣੈਂ।

ਅਨੂਪ ਚੰਦ : ਅੱਜ ਦਾ ਜ਼ਮਾਨਾ ਕੰਪੀਟੀਸ਼ਨ ਦਾ ਏ, ਸ਼ਹਿਰੀ ਸਕੂਲਾਂ ਕਾਲਜਾਂ ’ਚ ਪੜ੍ਹ ਕੇ ਹੀ ਬੰਦਾ ਕੁੱਝ ਬਣਾ ਸਕਦੈ ਕੈਰੀਅਰ।

ਮੋਨਿਕਾ : ਅੜੀ ਦੇ ਤੁਸੀਂ ਵੀ ਪੱਕੇ ਹੋ। ਹਾਂ ਯਾਦ ਆਇਆ, ਕੋਠੀ ਦੀ ਸਾਈ ਵਾਲੀ ਰਕਮ ਕਿੱਥੇ ਹੈ?

ਅਨੂਪ ਚੰਦ : ਸਾਈ ਦੀ ਰਕਮ? ਤੂੰ ਹੁਣ ਮੈਥੋਂ ਸਾਬ੍ਹ ਕਿਤਾਬ ਪੁੱਛਣ ਲੱਗ ਪਈ ਏਂ।

ਮੋਨਿਕਾ : ਸਾਬ੍ਹ ਕਿਤਾਬ ਤਾਂ ਰੱਖਣਾ ਹੀ ਚਾਹੀਦੈ।

ਅਨੂਪ ਚੰਦ : ਤੂੰ ਆਪਣੀ ਲੋੜ ਦੱਸਿਆ ਕਰ, ਅਵੱਸ਼ ਪੂਰੀ ਕਰਾਂਗਾ। ਤੂੰ ਕਦੇ ਸੁਫਨਾ ਲੈ ਸਕਦੀ ਸੀ ਨੌਕਰੀ ਕਰਾਂਗੀ, ਸਕੂਲ ਜਾਵਾਂਗੀ ਤੇ ਕੁਰਸੀ

'ਤੇ ਬੈਠਿਆ ਕਰੇਂਗੀ।

ਮੋਨਿਕਾ : ਉਹ ਤਾਂ ਤੁਹਾਡੇ ਕਰਕੇ ਹੀ, ਤੁਸੀਂ ਕਰਾਈ ਬੀ.ਐੱਡ।

ਅਨੂਪ ਚੰਦ : ਬਸ ਇੰਨਾ ਕੁ ਚੇਤੇ ਰੱਖਿਆ ਕਰ। ਬਾਕੀ ਸ਼ਹਿਰ ਕੋਠੀ ਵੇਖ ਆਇਆਂ। ਮਾਡਲ ਟਾਊਨ ਵਿੱਚ ਏ ਨਵੀਂ ਨਕੋਰ ਕੋਠੀ। ਥੋੜ੍ਹੀ ਰਕਮ ਚੁੱਕਣੀ ਪਵੇਗੀ, ਭਰ ਦਿਆ ਕਰਾਂਗੇ ਕਿਸ਼ਤ। ਪੰਜ ਛੇ ਸਾਲ 'ਚ ਕੋਠੀ ਫਰੀ।

ਮੋਨਿਕਾ : ਹਾਏ ਰੱਬਾ! ਪਤਾ ਨਹੀਂ ਤੂੰ ਕਿੱਥੇ ਦਾ ਦਾਣਾ ਪਾਣੀ ਲਿਖ ਦਿੱਤੈ ਕਿਸਮਤ 'ਚ।

(ਬਾਹਰੋਂ ਘੰਟੀ ਦੀ ਆਵਾਜ਼ ਆਉਂਦੀ ਹੈ)

ਕੌਣ ਹੋਵੇਗਾ ਇਸ ਟਾਈਮ? ਲੋਕ ਗਰਮੀ ਵਿਚ ਵੀ ਨਹੀਂ ਟਿਕਦੇ ਆਪਣੇ ਘਰੇ।

ਅਨੂਪ ਚੰਦ : ਜਾਹ, ਕਹਿ ਦੇ ਪ੍ਰੋਫ਼ੈਸਰ ਹੁਰੀਂ ਘਰ ਨਹੀਂ ਹੈਗੇ। ਘੰਟਾ ਦੋ ਘੰਟੇ ਸੌਂਵਾਂਗਾ, ਫਰੈੱਸ਼ ਹੋ ਕੇ ਹੀ ਉਠਾਂਗਾ।

(ਮੋਨਿਕਾ ਜਾਂਦੀ ਹੈ)

ਗੇਟ ਤੋਂ ਹੀ ਵਾਪਸ ਮੁੜ ਜਾਏ ਤਾਂ ਸ਼ੁਕਰ ਕਰਾਂਗਾ। ਪਰ....ਕੋਈ ਢੀਠ ਹੋਇਆ ਤਾਂ ਉਹ ਜ਼ਰੂਰ ਇੱਥੇ ਆ ਕੇ ਮੇਰੇ ਕੰਨ ਖਾਵੇਗਾ ਤੇ ਮੇਰੇ ਦਿਮਾਗ ਨੂੰ ਪੁੱਠੀ ਭੁਆਂਟਣੀ ਦੇਵੇਗਾ।

(ਮੋਨਿਕਾ ਦੇ ਨਾਲ ਗੁਰਨਾਮ ਸਿੰਘ ਅੰਦਰ ਆਉਂਦਾ ਹੈ)

ਗੁਰਨਾਮ : (ਹੱਸਦੇ ਹੋਏ) ਪ੍ਰੋਫ਼ੈਸਰ ਸਾਹਿਬ ਨਮਸਕਾਰ। ਭਾਬੀ ਕਹਿ ਰਹੀ ਸੀ ਪ੍ਰੋਫ਼ੈਸਰ ਹੁਰੀਂ ਘਰ ਨਹੀਂ ਹੈਗੇ। ਪਰ ਮੈਂ ਤੁਹਾਡੀ 'ਵਾਜ ਸੁਣ ਲਈ ਸੀ।

ਅਨੂਪ ਚੰਦ : ਹਾਂ ਹਾਂ, ਮੈਂ ਘਰ ਨਹੀਂ ਹੈਗਾ।

ਗੁਰਨਾਮ : (ਅਨੂਪ ਚੰਦ ਦੀ ਪਿੱਠ ਥਾਪੜਦਾ ਹੋਇਆ) ਆਹ ਪ੍ਰੋਫ਼ੈਸਰ ਹੁਰਾਂ ਦਾ ਭੂਤ ਬੈਠੈ!

ਮੋਨਿਕਾ : ਭੂਤ? ਇਵੇਂ ਨਾ ਕਹੋ ਭਾਅ ਜੀ।

ਗੁਰਨਾਮ : ਭਾਬੀ, ਸਾਡਾ ਹਾਸਾ ਮਜ਼ਾਕ ਇੰਜ ਈ ਚਲਦੈ।

(ਅਨੂਪ ਚੰਦ ਨੂੰ) ਪ੍ਰੋਫ਼ੈਸਰ ਸਾਹਿਬ, ਮੇਰੀਆਂ ਗ਼ਜ਼ਲਾਂ ਨੂੰ ਸੋਧਾ ਲਾ ਦਿੱਤੈ?

ਅਨੂਪ ਚੰਦ : ਯਾਰ, ਕਹਿਰ ਦੀ ਗਰਮੀ ਪੈ ਰਹੀ ਏ। ਇੰਨੀ ਤਪਸ਼ ਵਿੱਚ ਗ਼ਜ਼ਲ ਦਾ ਕੀ ਕੰਮ? ਗ਼ਜ਼ਲ ਸਵੇਰ ਜਿਹੀ ਹੁੰਦੀ ਏ ਜਾਂ ਸ਼ਾਮ ਵਰਗੀ।

ਗੁਰਨਾਮ : ਸਵੇਰੇ ਕਰੋ ਭਾਵੇਂ ਸ਼ਾਮਾਂ ਨੂੰ, ਮੈਂ ਕਿਤਾਬ ਛਪਵਾਉਣੀ ਏ ਜਲਦੀ।



ਤੁਸੀਂ ਤਾਂ ਗ਼ਜ਼ਲ ਦੇ ਮਾਹਿਰ ਹੋ। ਇੱਕ ਵਾਰ ਤੁਹਾਡੀਆਂ ਨਜ਼ਰਾਂ 'ਚੋਂ ਨਿਕਲ ਜਾਣ ਸਹੀ....ਅੱਜਕਲ੍ਹ ਜਣਾ ਖਣਾ ਗ਼ਜ਼ਲਾਂ 'ਚ ਨੁਕਸ ਕੱਢਣ ਲੱਗ ਪੈਂਦੈ।

ਅਨੂਪ ਚੰਦ : ਯਾਰ, ਇਹ ਕੰਮ ਨੇ ਵਿਹਲ ਦੇ। ਦੋ ਚਾਰ ਦਿਨ ਰੁਕ ਜਾ, ਜ਼ਰਾ ਸਾਹ ਆ ਲੈਣ ਦੇ।

ਮੋਨਿਕਾ : (ਗੁਰਨਾਮ ਸਿੰਘ ਨੂੰ) ਭਾਅ ਜੀ, ਆਹ ਕੰਮ ਕੋਈ ਹੋਰ ਨਹੀਂ ਕਰ ਸਕਦਾ ਵਿਦਵਾਨ?

ਗੁਰਨਾਮ : ਇਹ ਗੁਰ ਰੱਬ ਨੇ ਪ੍ਰੋਫ਼ੈਸਰ ਸਾਹਿਬ ਨੂੰ ਹੀ ਦਿੱਤੈ।

ਮੋਨਿਕਾ : ਅਸੀਂ ਤਾਂ ਤੁਰ ਚੱਲੇ ਆਂ ਸ਼ਹਿਰ, ਫਿਰ ਕਿਹਦੇ ਕੋਲੋਂ ਠੀਕ ਕਰਾਇਆ ਕਰੋਗੇ ਗ਼ਜ਼ਲਾਂ?

ਗੁਰਨਾਮ : (ਤ੍ਰਭਕ ਕੇ) ਸ਼ਹਿਰ? ਮੇਰੀਆਂ ਗ਼ਜ਼ਲਾਂ ਦੀਆਂ ਤਾਂ ਚੂਲਾਂ ਹਿੱਲ ਗਈਆਂ। ਮੇਰੀਆਂ ਲੱਤਾਂ ਕੰਬਦੀਆਂ ਪਈਆਂ ਨੇ। ਮੈਂ ਕਿਤੇ ਕੁਰਸੀ 'ਤੇ ਬੈਠਾ ਥੱਲੇ ਨਾ ਡਿੱਗ ਪਵਾਂ।

ਅਨੂਪ ਚੰਦ : ਗੁਰਨਾਮ, ਪਾਣੀ ਪੀਵੇਂਗਾ ਕਿ ਚਾਹ?

ਗੁਰਨਾਮ : (ਉਤਸੁਕਤਾ ਨਾਲ) ਪੀਵਾਂਗੇ, ਇੱਕ ਮਿੰਟ ਮੈਂ ਲੈ ਕੇ ਆਇਆ।

(ਗੁਰਨਾਮ ਉੱਠ ਕੇ ਬਾਹਰ ਚਲਾ ਜਾਂਦਾ ਹੈ)

ਮੋਨਿਕਾ : ਕੀ ਲੈਣ ਗਿਐ ਗੁਰਨਾਮ?

ਅਨੂਪ ਚੰਦ : ਗ਼ਜ਼ਲ ਹੀ ਲੈ ਕੇ ਆਏਗਾ ਕੋਈ....

(ਗੁਰਨਾਮ ਸਿੰਘ ਆਉਂਦਾ ਹੈ, ਉਹਦੇ ਹੱਥ ਵਿਚ ਵਿਸਕੀ ਦੀ ਬੋਤਲ ਹੈ)

ਮੋਨਿਕਾ : (ਬੋਤਲ ਵੇਖਦੀ ਹੋਈ) ਇਹ ਗ਼ਜ਼ਲ ਏ?

ਗੁਰਨਾਮ : ਸਾਰੀਆਂ ਗ਼ਜ਼ਲਾਂ ਇਹਦੇ ਵਿੱਚੋਂ ਹੀ ਨਿਕਲਦੀਆਂ ਨੇ। ਭਾਬੀ ਦੋ ਗਲਾਸੀਆਂ ਤੇ ਪਾਣੀ ਦਾ ਜੱਗ ਲਿਆਓ ਜ਼ਰਾ। ਬਾਕੀ ਖਾਣ ਪੀਣ ਲਟਰਨ ਪਟਰਨ ਸਭ ਕੁੱਝ ਲੈ ਆਇਆਂ।

ਅਨੂਪ ਚੰਦ : ਪੈੱਗ ਇਸ ਟਾਈਮ?

ਗੁਰਨਾਮ : ਖਾਣ-ਪੀਣ ਦਾ ਵੀ ਕੋਈ ਟਾਈਮ ਹੁੰਦੈ।

ਅਨੂਪ ਚੰਦ : ਫਿਰ ਭੀ ਗਰਮੀ....ਉਹੋ ਅੱਤ ਦੀ ਗਰਮੀ ਏ।

ਗੁਰਨਾਮ : ਯਾਰ ਗਰਮੀ ਨੂੰ ਗਰਮੀ ਕੱਟਦੀ ਏ, ਨਾਲੇ ਕੱਲ੍ਹ ਐਤਵਾਰ ਏ। ਵੀਕ ਐਂਡ 'ਤੇ ਸਭ ਚਲਦੈ ਵਾਧਾ ਘਾਟਾ। ਵੈਸੇ ਭੀ ਆਪਾਂ ਕਿਹੜਾ ਰੋਜ਼

ਪੀਨੇ ਆਂ।
(ਮੋਨਿਕਾ ਪਾਣੀ ਦਾ ਜੱਗ ਅਤੇ ਦੋ ਗਲਾਸੀਆਂ ਰੱਖ ਕੇ ਚਲੀ ਜਾਂਦੀ ਹੈ)

ਅਨੂਪ ਚੰਦ : ਹੁਣ ਤਾਂ ਔਖੇ ਹੋਣਾ ਈ ਪਵੇਗਾ, ਅਜੇ ਚਾਰ ਵੱਜੇ ਨੇ। ਰਾਤ ਤੱਕ ਤਾਂ....

ਗੁਰਨਾਮ : ਇਸ ਬੋਤਲ ਦੀ ਐਸੀ ਦੀ ਤੈਸੀ ਕਰ ਦਿਆਂਗੇ।
(ਗੁਰਨਾਮ ਦੋ ਪੈੱਗ ਬਣਾਉਂਦਾ ਹੈ)
ਚੁੱਕੋ ਚੀਅਰਸ....

ਅਨੂਪ ਚੰਦ : ਚੀਅਰਸ, ਬਾਕੀ ਗ਼ਜ਼ਲਾਂ ਤਾਂ ਕੱਲ੍ਹ ਸਵੇਰ ਈ ਚੀਅਰਸ ਹੋਣਗੀਆਂ।

ਗੁਰਨਾਮ : ਯਾਰ, ਇਹ ਸੱਚੀ ਗੱਲ ਏ ਕਿ ਤੁਸੀਂ ਪਿੰਡ ਛੱਡ ਕੇ ਸ਼ਹਿਰ ਚਲੇ ਜਾਣੈਂ?

ਅਨੂਪ ਚੰਦ : ਸੌ ਪਰਸੈਂਟ। ਮਸਾਂ ਦਸ ਕੁ ਦਿਨ ਤੇਰੇ ਕੋਲ ਹਾਂ।

ਗੁਰਨਾਮ : ਕਿੰਨਾ ਵੱਡਾ ਪਿੰਡ ਏ ਸਾਡਾ। ਇਹ ਪਿੰਡਾਂ ਦਾ ਪਿੰਡ ਤੇ ਸ਼ਹਿਰਾਂ ਦਾ ਸ਼ਹਿਰ ਏ। ਵੀਹ ਨਿੱਕੇ ਛੋਟੇ ਪਿੰਡ ਪੈਂਦੇ ਨੇ ਸਾਡੇ ਪਿੰਡ ਨੂੰ। ਲਾਗਲੇ ਪਿੰਡਾਂ ਵਾਲਿਆਂ ਨੂੰ ਕੋਈ ਕੰਮ ਬੇਸ਼ੱਕ ਨਾ ਹੋਵੇ ਤਾਂ ਵੀ ਸ਼ਾਮਾਂ ਨੂੰ ਗੇੜੀ ਲਾਉਣ ਉਹਨਾਂ ਆਉਣਾ ਈ ਆਉਣਾ ਹੁੰਦੈ।

ਅਨੂਪ ਚੰਦ : ਬਥੇਰਾ ਚਿਰ ਰਹਿ ਲਿਐ ਇੱਥੇ। ਬੱਤੀ ਸਾਲ ਹੋ ਗਏ ਇਹਨਾਂ ਗਲੀਆਂ ਦੇ ਗੇੜੇ ਲਾਉਂਦੇ।

ਗੁਰਨਾਮ : ਪਰ ਸ਼ਹਿਰ ਜਾਣ ਦੀ ਲੋੜ ਕੀ ਪੈ ਗਈ?

ਅਨੂਪ ਚੰਦ : ਜਿੰਨੇ ਸਾਹਿਤਕਾਰ ਤੇ ਆਲੋਚਕ ਨੇ, ਸਾਰੇ ਸ਼ਹਿਰਾਂ 'ਚ ਬੈਠੇ ਨੇ। ਅਖ਼ਬਾਰਾਂ ਸਾਰੀਆਂ ਉੱਥੇ ਛਪਦੀਆਂ ਨੇ।

ਗੁਰਨਾਮ : ਤੁਹਾਡੀਆਂ ਲਿਖਤਾਂ ਤਾਂ ਛਪਦੀਆਂ ਹੀ ਰਹਿੰਦੀਆਂ ਨੇ ਅਖ਼ਬਾਰਾਂ 'ਚ।

ਅਨੂਪ ਚੰਦ : ਲਿਖਤਾਂ ਛਪਣ ਦੀ ਗੱਲ ਨਹੀਂ। ਸਾਹਿਤਕ ਸਮਾਗਮ ਤਾਂ ਹੁੰਦੇ ਈ ਸ਼ਹਿਰਾਂ ਵਿੱਚ ਨੇ। ਕਿਸੇ ਦੀ ਕਿਤਾਬ ਦੀ ਘੁੰਡ ਚੁਕਾਈ ਹੋਵੇ ਤਾਂ ਸ਼ਹਿਰ ਵਿੱਚ। ਕਿਸੇ ਕਿਤਾਬ 'ਤੇ ਗੋਸ਼ਟੀ ਹੋਵੇ, ਉਹ ਵੀ ਸ਼ਹਿਰ ਵਿੱਚ। ਤੈਨੂੰ ਪਤੈ ਇਨ੍ਹਾਂ ਸਮਾਗਮਾਂ ਵਿੱਚ ਜਿਹੜੇ ਪੰਜ ਛੇ ਜਣੇ ਸਟੇਜ 'ਤੇ ਬਿਰਾਜਮਾਨ ਹੁੰਦੇ ਨੇ ਨਜ਼ਰ ਵੱਟੂ ਜਿਹੇ...

ਗੁਰਨਾਮ : ਪ੍ਰਧਾਨਗੀ ਮੰਡਲ?

ਅਨੂਪ ਚੰਦ : ਜੁੰਡਲੀ, ਜਿਹਨਾਂ ਨੂੰ ਰੱਬ ਨਹੀਂ ਯਾਦ ਹੁੰਦਾ।

ਗੁਰਨਾਮ : ਮੈਂ ਸੁਣਿਐ ਉਹ ਲੋਕ ਤਾਂ ਵਾਲ ਦੀ ਖੱਲ ਲਾਹੁਣ ਵਾਲੇ ਹੁੰਦੇ ਨੇ।

ਅਨੂਪ ਚੰਦ : ਬਹੁਤੇ ਤਾਂ ਰੰਗੂ ਭਾਂਗੂ ਵੀ ਹੁੰਦੇ ਨੇ ਮੇਰੇ ਵਰਗੇ।



ਗੁਰਨਾਮ : ਨਾ ਨਾ ਪ੍ਰੋਫੈਸਰ ਸਾਹਿਬ, ਤੁਹਾਡੇ ਮੁਕਾਬਲੇ ਕੀ ਨੇ ਉਹ। ਤੁਹਾਡੀ ਤਾਂ ਇੱਕ ਇੱਕ ਗੱਲ ਵਿਚਾਰਨ ਵਾਲੀ ਹੁੰਦੀ ਏ।

ਅਨੂਪ ਚੰਦ : ਤਾਂ ਹੀ ਤਾਂ ਸ਼ਹਿਰ ਵੱਲ ਚਾਲੇ ਪਾ ਰਹੇ ਹਾਂ। ਅੱਜ ਦਾ ਯੁੱਗ ਪੂਰੀ ਤਰ੍ਹਾਂ ਮੀਡੀਏ ਦਾ ਯੁੱਗ ਏ। ਟੀਵੀ ਸਟੇਸ਼ਨ ਤੇ ਹੋਰ ਚੈਨਲਾਂ ਵਾਲੇ ਸਭ ਸ਼ਹਿਰ ਮੱਲ ਕੇ ਬੈਠੇ ਨੇ। ਹਫ਼ਤੇ 'ਚ ਦੋ ਵਾਰ ਕਿਸੇ ਨਾਲ ਸਿਟਿੰਗ ਕਰੋ, ਫਿਰ ਸਕਰੀਨ 'ਤੇ ਜਾਓ। ਚੰਗੇ ਲਿਖਾਰੀ ਨੂੰ ਤਾਂ ਪਿੰਡ ਵਿੱਚ ਰਹਿਣਾ ਹੀ ਨਹੀਂ ਚਾਹੀਦਾ।

ਗੁਰਨਾਮ : ਫਿਰ ਪਿੰਡ ਜਾਂ ਕਸਬੇ ਖਾਲੀ ਕਰ ਦੇਣੇ ਚਾਹੀਦੇ ਨੇ ਲਿਖਾਰੀਆਂ ਨੂੰ?

ਅਨੂਪ ਚੰਦ : ਬਿਲਕੁਲ, ਪਿੰਡਾਂ ਵਿੱਚ ਤਾਂ ਲਿਖਾਰੀ ਭਿਖਾਰੀ ਬਣ ਕੇ ਰਹਿ ਜਾਂਦੈ।

ਗੁਰਨਾਮ : (ਸੋਚਦਾ ਹੋਇਆ) ਹਾਂ ਯਾਰ, ਗੱਲ ਹੈ ਠੀਕ। ਮੇਰੀਆਂ ਦੋ ਕਿਤਾਬਾਂ ਛਪੀਆਂ ਨੇ। ਸ਼ਹਿਰ 'ਚ ਮੈਨੂੰ ਕੋਈ ਲਿਖਾਰੀ ਮੰਨਦਾ ਹੀ ਨਹੀਂ। ਕਿਸੇ ਸਾਹਿਤਕ ਭਵਨ ਚਲੇ ਜਾਓ, ਗੁਆਚੀ ਗਾਂ ਵਾਲਾ ਸਾਬ੍ਹ ਹੁੰਦੈ ਆਪਣਾ।

ਅਨੂਪ ਚੰਦ : ਤੇ ਜਿਹੜੇ ਇਹਨਾਂ ਸਾਹਿਤਕ ਭਵਨਾਂ ਦੇ ਚੌਧਰੀ ਬਣੀ ਬੈਠੇ ਨੇ, ਕੀ ਆਉਂਦਾ ਏ ਉਹਨਾਂ ਨੂੰ। ਇੱਲ ਦਾ ਨਾਂ ਕੋਕੋ ਨਹੀਂ ਜਾਣਦੇ।

ਗੁਰਨਾਮ : (ਗੱਲ ਬਦਲਦਾ ਹੋਇਆ) ਪ੍ਰੋਫੈਸਰ ਸਾਹਿਬ, ਬਾਪੂ ਨੂੰ ਪਤੈ ਤੁਹਾਡੇ ਸ਼ਹਿਰ ਜਾਣ ਦਾ?

ਅਨੂਪ ਚੰਦ : ਬਸ ਪਤਾ ਲਗਦੇ ਸਾਰ ਹੀ ਉਹਨੇ ਪ੍ਰਗਟ ਹੋ ਜਾਣੈਂ। ਨਾ ਹੀ ਪਤਾ ਲੱਗੇ ਅਜੇ ਉਹਨੂੰ। ਸਾਰਾ ਦਿਨ ਆਪਣੇ ਚੌਧਰੀਆਂ ਮਗਰ ਪੂਛ ਹਿਲਾਉਂਦਾ ਫਿਰਦੈ।

ਗੁਰਨਾਮ : ਪਰ ਕੰਮ ਭੀ ਤਾਂ ਚੌਧਰੀਆਂ ਤੋਂ ਲੈ ਹੀ ਗਿਆ। ਚੌਧਰੀਆਂ ਨੇ ਹੀ ਉਹਨੂੰ ਮੰਤਰੀ ਨਾਲ ਮਿਲਾਇਆ। ਦੋ ਭਰਾ ਤੁਹਾਡੇ ਬੈਂਕ 'ਚ ਲਵਾਤੇ ਉਸ ਮੰਤਰੀ ਨੇ।

ਅਨੂਪ ਚੰਦ : ਦਿਨ ਰਾਤ ਢੋਲੇ ਵੀ ਤਾਂ ਉਸ ਮੰਤਰੀ ਦੇ ਗਾਉਂਦੈ ਦੁਕਾਨ 'ਤੇ ਬੈਠਾ ਬੈਠਾ। ਸ਼ਾਮਾਂ ਨੂੰ ਘੁੱਟ ਪੀ ਕੇ ਸ਼ਰਾਬ ਲਲਕਾਰੇ ਮਾਰਦੈ।
(ਕਰਤਾਰ ਚੰਦ ਆਉਂਦਾ ਹੈ, ਜਿਸ ਨੇ ਅਨੂਪ ਚੰਦ ਦੇ ਕਹੇ ਬੋਲ ਸੁਣ ਲਏ ਹਨ)

ਕਰਤਾਰ ਚੰਦ : (ਗੁੱਸੇ ਵਿੱਚ) ਤੂੰ ਸ਼ਹਿਰ ਜਾ ਕੇ ਮਾਰੀਂ ਲਲਕਾਰੇ!

ਅਨੂਪ ਚੰਦ : ਕਿਹੜੇ ਲਲਕਾਰੇ?

ਕਰਤਾਰ ਚੰਦ : ਜਿਹੜੇ ਤੂੰ ਇਥੇ ਮਾਰ ਨਹੀਂ ਸਕਦਾ...ਹੁਣ ਮੂੰਹ ਚੁੱਕ ਲਿਐ

ਸ਼ਹਿਰ ਵੱਲ।

ਅਨੂਪ ਚੰਦ : ਹੋਸ਼ ਵਿੱਚ ਹੈਂ ਤੂੰ ਬਾਪੂ?

ਕਰਤਾਰ ਚੰਦ : ਸ਼ਰਾਬ ਤੂੰ ਪੀਂਦਾ ਪਿਆ ਏਂ ਤੇ ਹੋਸ਼ 'ਚ ਮੈਂ ਨਹੀਂ। ਬੜੀ ਅਕਲ ਦੀ ਗੱਲ ਕੀਤੀ ਤੂੰ।

ਅਨੂਪ ਚੰਦ : ਕਰਨ ਕੀ ਆਇਐਂ ਐਸ ਟਾਈਮ?

ਕਰਤਾਰ ਚੰਦ : ਤੈਨੂੰ ਆਹ ਵੀ ਦੱਸਾਂ ਕੀ ਕਰਨ ਆਇਆਂ।

ਅਨੂਪ ਚੰਦ : ਪਰ....ਗੱਲ ਅਕਲ ਦੀ ਕਰੀਂ।

ਕਰਤਾਰ ਚੰਦ : ਹੁਣ ਸਾਨੂੰ ਅਕਲ ਤੇਰੇ ਤੋਂ ਸਿੱਖਣੀ ਪਵੇਗੀ?

ਅਨੂਪ ਚੰਦ : ਉਹ ਤਾਂ ਤੇਰੇ ਯਾਰਾਂ ਬੇਲੀਆਂ ਤੋਂ ਬਥੇਰੀ ਮਿਲ ਜਾਂਦੀ ਏ ਜਿਹਨਾਂ ਦੀਆਂ ਪਿਆਲੀਆਂ ਧੋਂਦਾ ਏਂ।

ਕਰਤਾਰ ਚੰਦ : ਪਿਆਲੀਆਂ ਮੈਂ ਧੋਂਦਾ ਵਾਂ, ਤੈਥੋਂ ਤਾਂ ਨਹੀਂ ਧੁਆਉਂਦਾ।(ਗੱਲ ਬਦਲਦਾ ਹੋਇਆ) ਇੱਥੇ ਤੈਨੂੰ ਤਕਲੀਫ਼ ਕੀ ਏ ਜਿਹੜਾ ਪਿੰਡ ਛੱਡਣ ਲੱਗੈਂ?

ਅਨੂਪ ਚੰਦ : ਪਰ ਤੈਨੂੰ ਕੀ ਇਤਰਾਜ਼ ਏ ਸਾਡੇ ਸ਼ਹਿਰ ਜਾਣ 'ਤੇ?

ਕਰਤਾਰ ਚੰਦ : ਇਤਰਾਜ਼ ਨਹੀਂ? ਸਾਰੀ ਉਮਰ ਤੁਹਾਡੀ ਖਾਤਿਰ ਇੱਕ ਹੱਥ 'ਚ ਜੁੱਤੀ ਫੜੀ ਹੁੰਦੀ ਕਿਸੇ ਦੀ ਤੇ ਦੂਸਰੇ ਹੱਥ ਬੁਰਸ਼। ਤੁਹਾਨੂੰ ਪੰਜਾਂ ਭਰਾਵਾਂ ਨੂੰ ਪੜ੍ਹਾਇਆ। ਜੇ ਹੁਣ ਪ੍ਰੋਫੈਸਰ ਬਣ ਗਿਐਂ ਤਾਂ ਦੌੜ ਚੱਲਿਐਂ ਸ਼ਹਿਰ। ਤੈਥੋਂ ਤਨਖਾਹ ਤਾਂ ਨਹੀਂ ਮੰਗਦਾ? ਕਿਹੜਾ ਪਿਓ ਜਰ ਸਕਦੈ ਕਿ ਔਲਾਦ ਅੱਖਾਂ ਤੋਂ ਓਹਲੇ ਰਵ੍ਹੇ।

ਅਨੂਪ ਚੰਦ : ਤੁਸੀਂ ਪੜ੍ਹਨੇ ਪਾਇਆ ਪਰ ਪੜ੍ਹਿਆ ਤਾਂ ਮੈਂ ਆਪ ਹੀ। ਅਸੀਂ ਆਪਣੇ ਨਿਆਣੇ ਨਾ ਪੜ੍ਹਾਈਏ ਸ਼ਹਿਰ?

ਕਰਤਾਰ ਚੰਦ : ਕਿਉਂ ਇਥੇ ਸਕੂਲ ਬੰਦ ਹੋ ਗਏ?

ਅਨੂਪ ਚੰਦ : ਮਾਡਲ ਸਕੂਲ ਇੱਥੇ ਹੈ ਨਹੀਂ। ਤੁਸੀਂ ਆਪਣੀ ਮੌਜ ਕਰੋ, ਸਾਨੂੰ ਆਪਣੀ ਜ਼ਿੰਦਗੀ ਜੀਣ ਦਿਓ।

ਕਰਤਾਰ ਚੰਦ : (ਭਾਵੁਕ ਹੁੰਦਾ ਹੋਇਆ) ਕਦੇ ਸੋਚਿਆ ਨਹੀਂ ਸੀ ਇਹ ਦਿਨ ਵੇਖਣਾ ਪਵੇਗਾ। ਤੈਨੂੰ ਪੜ੍ਹਨੇ ਪਾਉਣ ਨਾਲੋਂ ਦੁਕਾਨ 'ਤੇ ਰੱਖਦਾ ਤਾਂ..... (ਅੱਖਾਂ 'ਚ ਹੰਝੂ ਆ ਜਾਂਦੇ ਹਨ)

ਗੁਰਨਾਮ : ਬਾਪੂ, ਆ ਪੈੱਗ ਲਾ ਲੈ।

ਕਰਤਾਰ ਚੰਦ : ਥੁੱਕਣਾਂ ਇਵੇਂ ਦੇ ਪੈੱਗ 'ਤੇ।

ਅਨੂਪ ਚੰਦ : ਬਾਪੂ ਨੂੰ ਆਪਣੀ ਲੰਡਰ ਢਾਣੀ ਦੇ ਪੈੱਗ ਹੀ ਪਚਦੇ ਨੇ।



ਕਰਤਾਰ ਚੰਦ : ਖਬਰਦਾਰ, ਜੇ ਉਹਨਾਂ ਨੂੰ ਲੰਡਰ ਢਾਣੀ ਕਿਹਾ। ਜੇ ਸਾਡਾ ਹਾਸੇ ਮਖੌਲ ਨਾਲ ਟੈਮ ਪਾਸ ਹੋ ਜਾਂਦੈ ਤਾਂ ਤੇਰੇ ਢਿੱਡ 'ਚ ਪੀੜਾਂ ਉੱਠਦੀਆਂ ਹੋਣੀਆਂ ਨੇ।

ਅਨੂਪ ਚੰਦ : ਤੇਰੇ ਯਾਰ ਸਭ ਦੱਲੇ ਨੇ ਦੱਲੇ।

ਕਰਤਾਰ ਚੰਦ : ਕੱਲ੍ਹ ਨੂੰ ਜਦ ਤੇਰੇ ਮੁੰਡੇ ਨੇ ਤੈਨੂੰ ਇਵੇਂ ਬੋਲ ਕੁਬੋਲ ਕਹੇ ਤਾਂ ਫਿਰ ਕਰਤਾਰ ਚੰਦ ਯਾਦ ਆਊ ਕਰਤਾਰ ਚੰਦ। (ਚਲਾ ਜਾਂਦਾ ਹੈ, ਨਾਲ ਹੀ ਹਨ੍ਹੇਰਾ ਪੈ ਜਾਂਦਾ ਹੈ)

## ਦ੍ਰਿਸ਼ ਦੂਜਾ

ਸਥਾਨ : ਸ਼ਹਿਰ ਵਿੱਚ ਪ੍ਰੋ. ਅਨੂਪ ਚੰਦ ਦੀ ਕੋਠੀ ਦੀ ਲੌਬੀ। (ਚਾਰ ਪੰਜ ਕੁਰਸੀਆਂ ਅਤੇ ਇੱਕ ਮੇਜ਼ ਵਿਖਾਈ ਦਿੰਦਾ ਹੈ। ਮੇਜ਼ 'ਤੇ ਕੁੱਝ ਅਖ਼ਬਾਰਾਂ ਪਈਆਂ ਹਨ। ਮੋਨਿਕਾ ਅਤੇ ਬੱਬੂ ਗੱਲਾਂ ਕਰ ਰਹੇ ਹਨ)

ਬੱਬੂ : ਡੈਡੀ ਅਜੇ ਆਇਆ ਨਹੀਂ, ਰਾਤ ਪੈਣ ਵਾਲੀ ਏ।

ਮੋਨਿਕਾ : ਅੱਜ ਕੀ ਕੋਈ ਖਾਸ ਗੱਲ ਜਾਪਦੀ ਏ, ਬੜਾ ਡੈਡੀ ਨੂੰ ਯਾਦ ਕਰ ਰਿਹੈਂ?

ਬੱਬੂ : ਡੈਡੀ ਨੇ ਪਰੌਮਿਸ ਕੀਤਾ ਸੀ ਕਿ ਜਿਸ ਦਿਨ ਬੀ.ਏ. ਦੇ ਪੇਪਰ ਖਤਮ ਹੋ ਗਏ, ਨਵਾਂ ਸੋਨੀ ਟੀਵੀ ਖਰੀਦ ਕੇ ਘਰ ਲਿਆਵਾਂਗੇ ਤੇ ਆਹ ਵੱਡਾ ਸਾਰਾ ਡੱਬਾ ਬਾਹਰ ਸੁੱਟਾਂਗੇ ਕਬਾੜ 'ਤੇ।

ਮੋਨਿਕਾ : ਤੇਰੇ ਡੈਡੀ ਭੁੱਲ ਗਏ ਹੋਣੇ ਨੇ।

ਬੱਬੂ : ਯਾਰਾਂ 'ਚ ਪੈੱਗ ਉਡਾਉਣੇ ਯਾਦ ਰਹਿ ਜਾਂਦੇ ਨੇ ਉਹਨੂੰ।

ਮੋਨਿਕਾ : ਤੂੰ ਵੀ ਕੱਲ੍ਹ ਪੀ ਕੇ ਆ ਗਿਆ ਸੀ।

ਬੱਬੂ : ਪਿਓ ਪੀਵੇਗਾ ਤਾਂ ਨਿਆਣੇ ਘੱਟ ਕਰਨਗੇ।

ਮੋਨਿਕਾ : ਆਹੋ ਪਿਓ ਖੂਹ 'ਚ ਛਾਲ ਮਾਰੇਗਾ ਤਾਂ ਪਿੱਛੇ ਤੂੰ ਵੀ ਮਾਰ ਦੇਵੀਂ।

ਬੱਬੂ : ਆਹ ਖੂਹ ਕੀ ਹੁੰਦੈ?

ਮੋਨਿਕਾ : ਤੂੰ ਕੀ ਜਾਣੇਂ ਖੂਹ ਬਾਰੇ। ਸ਼ਹਿਰੀਏ ਕੀ ਜਾਣਨ ਖੂਹ ਕੀ ਹੁੰਦੈ। ਪਿੰਡਾਂ ਵਿੱਚ ਕਦੇ ਹੁੰਦੇ ਸੀ ਖੂਹ। ਪਾਣੀ ਭਰਨ ਜਾਣਾਂ ਸਹੇਲੀਆਂ ਨਾਲ। ਖੂਹ ਦੀਆਂ ਟਿੰਡਾਂ ਨੇ ਪਾਣੀ ਸੁੱਟਣਾ ਪਾੜਛੇ ਵਿੱਚ। ਕੁੜੀਆਂ ਨੇ ਇੱਕ ਦੂਜੇ 'ਤੇ ਖੂਬ ਛਿੱਟੇ ਮਾਰਨੇ। ਅੰਮ੍ਰਿਤ ਵਰਗਾ ਠੰਡਾ ਪਾਣੀ ਸੀ ਖੂਹਾਂ ਦਾ....ਇਧਰ ਸ਼ਹਿਰਾਂ ਦੀਆਂ ਟੂਟੀਆਂ ਦਾ ਪਾਣੀ....ਲੰਘਦਾ ਨਹੀਂ

ਅੰਦਰ।

ਬੱਬੂ : ਮੈਂ ਸੋਨੀ ਟੀਵੀ ਦਾ ਸੋਚ ਰਿਹਾਂ ਤੇ ਤੂੰ ਖੂਹ 'ਚ ਚਲੀ ਗਈ ਏਂ ਮੰਮੀ। ਜੇ ਪਿੰਡ ਬਹੁਤ ਨਾਈਸ ਲੱਗਦਾ ਸੀ ਤਾਂ ਪਰਮਾਨੈਂਟਲੀ ਰਹਿਣਾ ਸੀ ਉਥੇ, ਜਿੱਥੇ ਰਹਿੰਦੇ ਨੇ ਡਫ਼ਰ ਲੋਕ।

ਮੋਨਿਕਾ : ਨਾ ਨਾ ਉਹ ਡਫ਼ਰ ਨਹੀਂ, ਦਿਲ ਦੇ ਦੇਵਤੇ ਨੇ ਦੇਵਤੇ। ਦੁੱਖ ਸੁੱਖ ਵਿੱਚ ਇੱਕ ਦੂਜੇ ਦੀ ਬਾਂਹ ਫੜਦੇ ਨੇ।

(ਫੋਨ ਦੀ ਘੰਟੀ ਦੀ ਆਵਾਜ਼)

ਬੱਬੂ : ਫੋਨ ਡੈਡੀ ਨੇ ਕੀਤਾ ਹੋਵੇਗਾ। ਸ਼ਾਇਦ ਸੋਨੀ ਟੀਵੀ ਲੈ ਕੇ...

(ਮੋਨਿਕਾ ਫੋਨ ਸੁਣਦੀ ਹੈ)

ਮੋਨਿਕਾ : ਹੈਲੋ ਕੌਣ?

ਫੋਨ 'ਤੇ ਆਵਾਜ਼ : ਭਾਬੀ, ਪਿੰਡੋਂ ਬੋਲ ਰਿਹਾਂ ਗੁਰਨਾਮ।

ਮੋਨਿਕਾ : ਸਭ ਠੀਕ ਏ ਨਾ?

ਗੁਰਨਾਮ ਦੀ ਆਵਾਜ਼ : ਖ਼ਬਰ ਤਾਂ ਮਾੜੀ ਏ....ਬਾਪੂ ਕਰਤਾਰ ਚੰਦ ਪੂਰੇ ਹੋ ਗਏ ਭਾਬੀ। ਪ੍ਰੋਫੈਸਰ ਸਾਹਿਬ ਨਾਲ ਗੱਲ ਕਰਾਇਓ।

ਮੋਨਿਕਾ : ਉਹ ਤਾਂ ਘਰੋਂ ਬਾਹਰ ਨੇ, ਆਉਣਗੇ ਤਾਂ ਦੱਸ ਦਿਆਂਗੀ।

ਗੁਰਨਾਮ ਦੀ ਆਵਾਜ਼ : ਸਵੇਰੇ ਦਸ ਵਜੇ ਦਾ ਸਸਕਾਰ ਹੋਣੈਂ।

ਮੋਨਿਕਾ : ਅਸੀਂ ਅੱਜ ਹੀ ਆ ਜਾਂਦੇ ਹਾਂ ਆਪਣੀ ਕਾਰ 'ਤੇ, ਓ.ਕੇ.।

(ਮੋਨਿਕਾ ਉਦਾਸ ਹੋ ਜਾਂਦੀ ਹੈ)

ਬੱਬੂ : ਕੀ ਹੋਇਆ ਮੰਮੀ?

ਮੋਨਿਕਾ : ਤੇਰੇ ਦਾਦਾ ਜੀ ਦੀ ਡੈੱਥ ਹੋ ਗਈ....ਸਾਰੀ ਉਮਰ ਕਿਰਤ ਕਰਦਾ ਰਿਹਾ। ਨਿਆਣੇ ਪੜ੍ਹਾਏ, ਘਰ ਚਲਾਇਆ.... ਜਦ ਵੇਖਣ ਦਾ ਟਾਈਮ ਆਇਆ ਤਾਂ ਉੱਤੋਂ ਬੁਲਾਵਾ...

ਬੱਬੂ : ਕਿੰਨੀ ਏਜ਼ ਸੀ ਉਹਨਾਂ ਦੀ?

ਮੋਨਿਕਾ : ਉਮਰ ਤਾਂ ਠੀਕ ਹੀ ਸੀ....ਫਿਰ ਵੀ ਮਾਂ ਪਿਓ ਦੀ ਛਾਂ ਕਿੱਥੇ ਲੱਭਦੀ ਏ। ਤੇਰੇ ਡੈਡੀ ਜਲਦੀ ਆ ਜਾਣ, ਕਾਰ 'ਤੇ ਪਿੰਡ ਪਹੁੰਚ ਜਾਈਏ ਅੱਜ ਹੀ।

ਬੱਬੂ : ਪਿੰਡ ਜਾਈਏ? ਇਧਰ ਮੇਰਾ ਸੋਨੀ ਟੀਵੀ....

ਮੋਨਿਕਾ : ਆ ਜਾਏਗਾ ਤੇਰਾ ਸੋਨੀ ਟੀਵੀ ਵੀ। ਉਪਰ ਤੇਰੇ ਦਾਦਾ ਜੀ ਦੀ ਮੌਤ ਹੋ ਗਈ ਤੇ ਡੈਡੀ ਤੇਰੇ....

ਬੱਬੂ : ਉਹ ਤਾਂ ਟੱਲੀ ਹੋ ਕੇ ਘਰ ਪਹੁੰਚੇਗਾ। ਡੈਡੀ ਨੇ ਕਦੇ ਦਾਦੇ ਦਾ ਨਾਂ



ਨਹੀਂ ਲਿਆ। ਉਹਦਾ ਤਾਂ ਫਾਦਰ ਸੀ। ਮੰਮੀ, ਤੂੰ ਦਾਦੇ ਦੀ ਬੜੀ ਫੈਨ ਸੀ।

ਮੋਨਿਕਾ : ਨਾ ਬੋਲ, ਮਨ ਖਰਾਬ ਹੋ ਗਿਐ। ਪਿਛਲੇ ਬਾਰ੍ਹਾਂ ਸਾਲ ਇੱਥੇ ਕਿਵੇਂ ਕੱਢੇ ਮੈਂ। ਸ਼ਹਿਰ ਤਾਂ ਮੇਰੇ ਲਈ ਕਹਿਰ ਹੋ ਗਿਐ। ਘੋੜੇ ਵਰਗੀ ਸਿਹਤ ਸੀ ਮੇਰੀ। ਇੱਥੇ ਦਵਾਈਆਂ ਪੱਲੇ ਪੈ ਗਈਆਂ ਬੀ.ਪੀ., ਸ਼ੂਗਰ ਦੀਆਂ। ਮਰ ਚੱਲੇ ਹਾਂ ਸਪਰੇਟਾ ਦੁੱਧ ਪੀ ਪੀ ਕੇ।

(ਬਾਹਰੋਂ ਅਨੂਪ ਚੰਦ ਦੀ ਆਵਾਜ਼ ਆਉਂਦੀ ਹੈ)

ਅਨੂਪ ਚੰਦ ਦੀ ਆਵਾਜ਼ : ਬੱਬੂ ਦਿਆ ਪੁੱਤਰਾ! ਵੇਖ ਕੀ ਲੈ ਕੇ ਆਇਆਂ ਤੇਰੇ ਲਈ ਰਿਕਸ਼ੇ 'ਤੇ ਲੱਦ ਕੇ।

ਬੱਬੂ : (ਉਤਸੁਕਤਾ ਨਾਲ) ਸੋਨੀ ਟੀਵੀ?

(ਅਨੂਪ ਚੰਦ ਅੰਦਰ ਆਉਂਦਾ ਹੈ)

ਅਨੂਪ ਚੰਦ : ਸੈੱਟ ਕਰਵਾ ਲੈ ਬੱਬੂ ਆਪਣੇ ਕਮਰੇ 'ਚ।

ਬੱਬੂ : ਓ.ਕੇ. ਡੈਡ।

ਮੋਨਿਕਾ : ਸ਼ਰਾਬ ਘੱਟ ਪੀਣੀ ਸੀ। ਪਾਣੀ ਦਿਆਂ?

ਅਨੂਪ ਚੰਦ : ਬਈ ਬੱਬੂ, ਅੱਜ ਤਾਂ ਤੇਰੇ ਵੱਲ ਪਾਰਟੀ ਬਣ ਗਈ।

ਬੱਬੂ : ਕੱਢੋ ਨੋਟ, ਵਿਸਕੀ ਲੈ ਕੇ ਆਉਂਦਾਂ ਗੋਲਡਨ ਨੰਬਰ ਵਨ।

ਅਨੂਪ ਚੰਦ : (ਕੁੱਝ ਰੁਪਏ ਬੱਬੂ ਨੂੰ ਦਿੰਦਾ ਹੋਇਆ) ਅੱਜ ਦਾ ਦਿਨ ਤਾਂ ਬੱਬੂ ਦਾ ਦਿਨ ਏ। ਖੁਸ਼ ਏਂ ਨਾ? ਇੱਕ ਪੈੱਗ ਤੂੰ ਵੀ ਲਾ ਲਵੀਂ।

ਮੋਨਿਕਾ : ਤੁਹਾਨੂੰ ਪੈੱਗਾਂ ਦੀ ਪਈ ਏ। ਕਾਰ ਕੱਢੋ, ਪਿੰਡ ਜਾਣੈਂ।

ਅਨੂਪ ਚੰਦ : (ਹੈਰਾਨੀ ਵਿੱਚ) ਪਿੰਡ? ਪਿੰਡ ਵਿਆਹ ਰੱਖਿਐ ਕਿਸੇ ਨੇ।

ਮੋਨਿਕਾ : (ਰੋਣ ਹਾਕੀ ਹੁੰਦੀ ਹੋਈ) ਬਾਪੂ ਦੀ ਡੈੱਥ ਹੋ ਗਈ, ਫੋਨ ਆਇਐ ਪਿੰਡੋਂ ਗੁਰਨਾਮ ਤੁਹਾਡੇ ਦੋਸਤ ਦਾ।

ਅਨੂਪ ਚੰਦ : ਬੈਡ ਨਿਊਜ਼। ਮੈਂ ਅੱਖਾਂ 'ਤੇ ਛਿੱਟੇ ਮਾਰ ਲਵਾਂ।

(ਬਾਥਰੂਮ ਵੱਲ ਜਾਂਦਾ ਹੋਇਆ) ਮੈਂ ਆਇਆ ਇੱਕ ਮਿੰਟ ਬਾਅਦ।

ਮੋਨਿਕਾ : ਬੱਬੂ, ਬਾਹਰ ਨਾ ਜਾਈਂ।

ਬੱਬੂ : ਕਿਉਂ ਨਾ ਜਾਵਾਂ।

(ਅਨੂਪ ਚੰਦ ਅੱਖਾਂ 'ਤੇ ਛਿੱਟੇ ਮਾਰ ਕੇ ਆਉਂਦਾ ਹੈ)

ਅਨੂਪ ਚੰਦ : (ਆਪਣੇ ਆਪ ਨੂੰ) ਕਿੰਨੀ ਕੀ ਉਮਰ ਹੋਵੇਗੀ ਬਜ਼ੁਰਗਾਂ ਦੀ। ਮੇਰੇ ਸ੍ਹਾਬ ਨਾਲ ਅੱਸੀਆਂ ਦੇ ਨੇੜੇ ਪਹੁੰਚ ਗਿਆ ਸੀ।

(ਬੱਬੂ ਬਾਹਰ ਚਲਾ ਜਾਂਦਾ ਹੈ)

ਮੋਨਿਕਾ : ਸਾਨੂੰ ਹੁਣੇ ਕਾਰ 'ਤੇ ਪਿੰਡ ਜਾਣਾ ਚਾਹੀਦੈ।

ਅਨੂਪ ਚੰਦ : ਸਸਕਾਰ ਕਦੋਂ ਹੋਣੈਂ?

ਮੋਨਿਕਾ : ਸਵੇਰੇ ਦਸ ਵਜੇ। ਪਰ ਸਾਨੂੰ ਤਾਂ ਅੱਜ ਪਹੁੰਚਣਾ ਹੀ ਪਵੇਗਾ। ਰਿਸ਼ਤੇਦਾਰ ਕੀ ਕਹਿਣਗੇ।

ਅਨੂਪ ਚੰਦ : ਹਨ੍ਹੇਰੇ ਵਿੱਚ ਇਸ ਟਾਈਮ ਕਿੱਥੇ ਟੱਕਰਾਂ ਮਾਰਦੇ ਫਿਰਾਂਗੇ। ਬਾਪੂ ਨੇ ਕਿਹੜਾ ਜੀਂਦਾ ਹੋ ਜਾਣੈਂ ਸਾਡੇ ਹੁਣ ਜਾਣ 'ਤੇ। ਨਾਲੇ ਪੈੱਗ ਲੱਗੈ।

ਮੋਨਿਕਾ : ਤੁਹਾਡਾ ਪਿਓ ਸੀ। ਪਿਓ ਪੁੱਤਰਾਂ ਦਾ ਰਿਸ਼ਤਾ.... (ਰੋ ਪੈਂਦੀ ਹੈ) ਇਸ ਤੋਂ ਨੇੜੇ ਦਾ ਰਿਸ਼ਤਾ ਹੋਰ ਕਿਹੜਾ ਹੋ ਸਕਦੈ।

ਅਨੂਪ ਚੰਦ : ਪਿਓ ਮੇਰਾ ਸੀ। ਵਧੀਆ ਵਜਾ ਗਿਆ ਆਪਣੀ... ਬਾਕੀ ਇਸ ਦੁਨੀਆਂ 'ਤੇ ਅਕਬਰ ਬਾਦਸ਼ਾਹ ਵਰਗੇ ਨਹੀਂ ਰਹੇ। ਪੀਰ, ਫਕੀਰ ਤੁਰਦੇ ਬਣੇ ਤਾਂ ਬਾਪੂ ਵਿਚਾਰਾ.... ਆਪਾਂ ਜਾਵਾਂਗੇ ਸਵੇਰੇ, ਅੱਠ ਵਜੇ ਪਹੁੰਚਾ ਦਿਆਂਗਾ।

ਮੋਨਿਕਾ : ਸ਼ਰੀਕ ਸੌ ਸੌ ਗੱਲਾਂ ਕਰਨਗੇ। ਵੈਸੇ ਭੀ ਮਾਂ ਪਿਓ ਦੇ ਪੂਰੇ ਹੋਣ 'ਤੇ ਸਸਕਾਰ ਤੇ ਹੋਰ ਰਸਮਾਂ ਦੀ ਸਲਾਹ ਤਾਂ ਆਲੌਂਦ ਨੇ ਹੀ ਕਰਨੀ ਹੁੰਦੀ ਏ।

ਅਨੂਪ ਚੰਦ : ਸ਼ਰੀਕ ਬਥੇਰੇ ਤੇਜ਼ ਨੇ। ਉਹਨਾਂ ਸਾਰਾ ਪ੍ਰੋਗਰਾਮ ਫਾਈਨਲ ਕਰ ਲਿਆ ਹੋਵੇਗਾ। (ਬੱਬੂ ਆ ਜਾਂਦਾ ਹੈ, ਜਿਸ ਦੇ ਹੱਥ ਵਿੱਚ ਬੋਤਲ ਹੈ) ਬੱਬੂ ਲਿਆ ਇਧਰ ਕਰ ਬੋਤਲ।

ਮੋਨਿਕਾ : ਹੁਣ ਫਿਰ ਪੈੱਗ?

ਅਨੂਪ ਚੰਦ : ਮੂਡ ਖਰਾਬ ਜਿਹਾ ਹੋ ਗਿਐ। ਦੋ ਪੈੱਗ ਲਾਵਾਂਗਾ ਤਾਂ ਨੀਂਦ ਵੀ ਆ ਜਾਵੇਗੀ। ਨਹੀਂ ਤਾਂ ਸਾਰੀ ਰਾਤ ਬਾਪੂ ਵੱਲ ਹੀ ਖਿਆਲ ਜਾਂਦਾ ਰਹੇਗਾ। (ਬੱਬੂ ਦੋ ਗਲਾਸੀਆਂ ਅਤੇ ਟਰੇਅ ਵਿੱਚ ਖਾਣ ਵਾਲਾ ਨਮਕੀਨ ਲੈ ਆਉਂਦਾ ਹੈ)

ਲੈ ਬੱਬੂ, ਤੂੰ ਪੀ ਆਪਣੇ ਸੋਨੀ ਟੀਵੀ ਦੀ ਖੁਸ਼ੀ ਵਿੱਚ ਤੇ ਮੈਂ.... ਬਾਪੂ ਦੇ ਵਿਛੋੜੇ ਦੇ ਸੋਗ ਵਿੱਚ।

ਮੋਨਿਕਾ : ਬੱਬੂ ਤੂੰ ਨਾ ਪੀ।

ਬੱਬੂ : ਮੰਮੀ ਤੂੰ ਬੋਲੀ ਜਾਹ। ਮੈਂ ਤਾਂ ਨਿੱਕੇ ਨਿੱਕੇ ਦੋ ਪੈੱਗ ਲਾਵਾਂਗਾ ਹੀ। ਅੱਜ ਮਸਾਂ ਤਾਂ ਪੇਪਰ ਖਤਮ ਹੋਏ।

ਅਨੂਪ ਚੰਦ : (ਪੈੱਗ ਪੀਂਦਾ ਹੋਇਆ) ਬਾਕੀ ਤਾਂ ਚਲਦਾ ਰਹੇਗਾ। ਬਾਪੂ, ਤੇਰੀ ਥਾਂ



ਅੱਜ ਪੈੱਗ ਕੌਣ ਲਾਏਗਾ.... ਤੇਰੀ ਯਾਦ ਅੱਜ ਕੁੱਝ ਜ਼ਿਆਦਾ ਹੀ ਆ ਰਹੀ ਏ।

(ਗਾਉਂਦਾ ਹੋਇਆ) ਤਿੰਨ ਰੰਗ ਨਹੀਂ ਲੱਭਣੇ ਬੀਬਾ,
ਹੁਸਨ, ਜਵਾਨੀ ਤੇ ਮਾਪੇ।

(ਪਰਦਾ)

## ਦ੍ਰਿਸ਼ ਤੀਜਾ

ਸਥਾਨ : ਅਨੂਪ ਚੰਦ ਦੀ ਸ਼ਹਿਰ ਵਾਲੀ ਕੋਠੀ ਦੇ ਪੱਕੇ ਵਿਹੜੇ ਵਿੱਚ ਤਿੰਨ ਚਾਰ ਕੁਰਸੀਆਂ, ਮੇਜ਼ ਅਤੇ ਇੱਕ ਫੋਲਡਿੰਗ ਬੈੱਡ ਹੈ, ਜਿਸ 'ਤੇ ਬਿਮਾਰ ਮੋਨਿਕਾ ਲੇਟੀ ਹੋਈ ਹੈ।

ਮੋਨਿਕਾ : (ਆਪਣੇ ਆਪ ਨਾਲ ਦੁਖੀ ਆਵਾਜ਼ ਵਿੱਚ) ਆਹ ਚੰਦਰਾ ਜ਼ਮਾਨਾ ਵੀ ਵੇਖਣਾ ਪੈਣਾ ਸੀ। ਆਪਣੀ ਔਲਾਦ ਨੇ ਸੁੱਖ ਕੀ ਦੇਣਾ ਏ....ਡੰਡੇ ਨਾਲ ਫੰਡ ਦਿੱਤੀ ਮੈਨੂੰ। ਇਹਦੇ ਜੰਮਣ 'ਤੇ ਕਿੰਨੀ ਖੁਸ਼ੀ ਮਨਾਈ ਸੀ.... ਚਾਵਾਂ ਨਾਲ ਪਾਲਿਆ ਸੀ ਬੱਬੂ ਨੂੰ.... ਵੇ ਤੇਰੇ ਜਿਹੀ ਗੰਦੀ ਔਲਾਦ ਖੁਣੋਂ ਕੀ ਥੁੜਿਆ ਸੀ.... ਪਤਾ ਨਹੀਂ ਕਿਹੜੇ ਪਾਪ ਕੀਤੇ ਨੇ ਪਿਛਲੇ ਜਨਮ 'ਚ, ਜਿਹਦਾ ਫਲ ਭੁਗਤ ਰਹੀ ਆਂ.... ਡਾਕਟਰਾਂ ਦੀਆਂ ਦਵਾਈਆ ਕੁੱਝ ਨਹੀਂ ਕਰਦੀਆਂ ਪਈਆਂ, ਐਸੀ ਮੰਜੇ 'ਤੇ ਪਈ ਆਂ, ਜਾਨ ਈ ਨਹੀਂ ਰਹੀ ਸਰੀਰ 'ਚ.... ਪਤਾ ਨਹੀਂ ਕਦੋਂ ਆਏਗਾ ਬੱਬੂ ਦਾ ਡੈਡੀ ਜੂਸ ਲੈ ਕੇ, ਤੇਰੀਆਂ ਮੀਟਿੰਗਾਂ ਨਹੀਂ ਮੁੱਕਦੀਆਂ। ਕਦੇ ਇੱਕ ਸ਼ਹਿਰ, ਕਦੇ ਦੂਜੇ। ਲਿਖਾਰੀ ਇਵੇਂ ਈ ਤੁਰਦੇ ਫਿਰਦੇ ਨੇ, ਕੀ ਕੱਢਣਗੇ ਕਲਮਾਂ 'ਚੋਂ ਜੇ ਘਰ ਦੇ ਜੀਅ ਤੜਫਦੇ ਹੋਣ... ਰਿਟਾਇਰਮੈਂਟ ਮਗਰੋਂ ਹੋਰ ਵੀ ਬਿਜ਼ੀ ਹੋ ਗਏ ਤੇ ਇਧਰ ਮੁੰਡੇ ਨੇ ਸਾਡੀ ਨੱਕ 'ਚ ਦਮ ਲਿਆ ਰੱਖਿਐ, ਸਾਡੇ ਦੋਹਾਂ 'ਤੇ ਰੋਅਬ ਪਾ ਕੇ ਸਾਡੀਆਂ ਪੈਨਸ਼ਨਾਂ ਉਡਾਈ ਜਾਂਦੈ ਤੇ ਨੂੰਹ ਅੱਗੇ ਮੇਮਣਾ ਬਣਿਆ ਫਿਰਦੈ.... ਹਾਏ, ਹੁਣ ਤਾਂ ਉਠਣ ਦੀ ਹਿੰਮਤ ਵੀ ਗਈ ਕਿ ਪਾਣੀ ਪੀ ਲਵਾਂ, ਹੈ ਕੋਈ ਇੱਥੇ ਦੋ ਘੁੱਟ ਪਾਣੀ... ਹਾਏ ਪਾਣੀ...

(ਅਨੂਪ ਚੰਦ ਆਉਂਦਾ ਹੈ)

ਅਨੂਪ ਚੰਦ : (ਮੋਨਿਕਾ ਦੀ ਹਾਲਤ ਵੇਖਦਾ ਹੋਇਆ) ਕੀ ਹੋਇਐ ਮੋਨਿਕਾ? ਅੱਥਰੂ ਵਹਿ ਰਹੇ ਨੇ ਤੇਰੇ ਚਿਹਰੇ 'ਤੇ...

ਮੋਨਿਕਾ : (ਗਲਾਸ ਵਿੱਚ ਜੂਸ ਪਾ ਕੇ ਮੋਨਿਕਾ ਨੂੰ ਸਹਾਰਾ ਦੇ ਕੇ ਉਠਾਉਂਦਾ ਹੋਇਆ) ਲੈ ਜੂਸ ਪੀ ਲੈ।

(ਮੋਨਿਕਾ ਹੌਲੀ ਹੌਲੀ ਜੂਸ ਪੀਂਦੀ ਹੈ)

ਅਨੂਪ ਚੰਦ : ਅੱਜ ਕੀ ਹੋਇਆ?

ਮੋਨਿਕਾ : ਜੋ ਰੋਜ਼ ਹੁੰਦੈ। ਅੱਜ ਤਾਂ.... ਹਾਏ.... ਡੰਡੇ ਨਾਲ ਖੜਕਾ ਕੇ.... ਹਾਏ....

ਅਨੂਪ ਚੰਦ : ਓ ਨਲੈਕਾ, ਕੱਲ੍ਹ ਨੂੰ ਜਦ ਤੇਰਾ ਮੁੰਡਾ ਤੇਰੇ ਗਲੇ 'ਚ ਅੰਗੂਠਾ ਦੇਵੇਗਾ ਤਾਂ ਫਿਰ ਪਤਾ ਚੱਲੇਗਾ ਮਾਂ ਪਿਓ ਬਿਰਧ ਹਾਲਤ ਵਿੱਚ ਕਿੰਨੀ ਤਰਾਸਦੀ ਹੰਢਾਉਂਦੇ ਨੇ.... ਕੁੱਤੇ ਨੇ ਸ਼ਰਮ ਵੇਚ ਕੇ ਖਾ ਲਈ ਏ, ਬਿਮਾਰ ਮਾਂ ਨੂੰ ਕੁੱਟ ਕੇ ਬਦਮਾਸ਼ ਬਣਿਆ ਫਿਰਦੈ। ਨੂੰਹ ਆਈ ਨੀ ਅਜੇ ਸਰਵਿਸ ਤੋਂ?

ਮੋਨਿਕਾ : ਜਦ ਦਿਲ ਕੀਤਾ ਆ ਵੱਜੇਗੀ। ਉਸ ਨੇ ਜੋ ਕਰਨੈ ਪਤਾ ਈ ਐ। ਬੱਬੂ ਨੂੰ ਭੜਕਾਵੇਗੀ ਤੀਲ੍ਹੀ ਲਾ ਕੇ।

ਅਨੂਪ ਚੰਦ : ਬੱਬੂ ਜੂਠ ਏ ਨੰਬਰ ਇੱਕ ਦਾ। ਘਰ ਵਾਲੀ ਦੇ ਹੱਥਾਂ 'ਚ ਖਿਡੌਣਾ ਬਣਿਐ ਤੇ ਮਾਂ ਪਿਓ 'ਤੇ ਹਕੂਮਤ ਕਰਦੈ।

ਮੋਨਿਕਾ : ਤੁਸੀਂ ਵੀ ਤਾਂ ਉਹਨੂੰ ਪੀਣੋਂ ਨਾ ਰੋਕਿਆ ਜਦ ਉਹ ਅਜੇ ਪੜ੍ਹਦਾ ਸੀ। ਚੰਡ ਕੇ ਰੱਖਦੇ ਤਾਂ ਅੱਜ ਆਹ ਦਿਨ ਨਾ ਵੇਖਣੇ ਪੈਂਦੇ। ਤੁਸੀਂ ਆਪ ਸਾਹਿਤ ਸਭਾਵਾਂ 'ਚ ਰੱਜ ਕੇ ਆਉਂਦੇ ਰਹੇ ਤਾਂ ਔਲਾਦ ਨੇ ਤਾਂ ਵਿਗੜਨਾ ਹੀ ਸੀ।

ਅਨੂਪ ਚੰਦ : ਸਾਡਾ ਬਾਪੂ ਵੀ ਤਾਂ ਰੋਜ਼ ਪੀਂਦਾ ਸੀ, ਉਹਨੇ ਸਾਨੂੰ ਨਾ ਪੀਣ ਲਈ ਕਿਹਾ ਤੇ ਨਾ ਹੀ ਰੋਕਿਆ। ਪਰ ਅਸੀਂ ਸਾਰੇ ਭਰਾ ਕਦੇ ਉਹਦੇ ਹੱਥੀਂ ਤਾਂ ਨਹੀਂ ਪੈ ਗਏ।

ਮੋਨਿਕਾ : ਪਰ ਬਾਪੂ ਦੀ ਦੁਨੀਆਂ ਸਵਰਗ ਸੀ। ਸਾਰਾ ਦਿਨ ਮੁੜਕੋ ਮੁੜ੍ਹਕੀ ਹੋਇਆ ਹੁੰਦਾ ਸੀ ਤੇ ਸ਼ਾਮਾਂ ਨੂੰ ਘੁੱਟ ਪੀ ਲੈਂਦਾ ਸੀ... ਮੈਨੂੰ ਤੁਸੀਂ ਪਿੰਡ ਵਾਪਸ ਲੈ ਜਾਓ। ਮੇਰੀ ਜਾਨ ਉੱਥੇ ਨਿਕਲ ਜਾਵੇ.... ਕੋਈ ਪਛਤਾਵਾ ਨਹੀਂ।

ਅਨੂਪ ਚੰਦ : ਹਰ ਹਫਤੇ ਪਿੰਡੋਂ ਤੈਨੂੰ ਕੌਣ ਲੈ ਕੇ ਆਵੇਗਾ ਡਾਕਟਰ ਨੂੰ ਵਿਖਾਉਣ। ਅੱਜ ਮੈਂ ਆਪਣੇ ਟੈਸਟ ਵੀ ਕਰਵਾਏ ਨੇ।

ਮੋਨਿਕਾ : ਠੀਕ ਠਾਕ ਨੇ ਟੈਸਟ?

ਅਨੂਪ ਚੰਦ : ਠੀਕ ਹੀ ਨੇ.... ਮਾੜਾ ਮੋਟਾ ਨੁਕਸ ਕਿਸ ਬੰਦੇ 'ਚ ਨਹੀਂ ਹੁੰਦਾ। ਸਵੇਰ ਦੀ ਸੈਰ ਕਰਾਂ ਤਾਂ ਸਿਹਤ ਕਾਇਮ ਰਹਿ ਸਕਦੀ ਏ.... ਪਰ ਤੈਨੂੰ ਜੂਸ



ਪਿਆਉਣ ਦਾ, ਦਵਾਈ ਖਵਾਉਣ ਦਾ ਤੇ ਚਾਹ ਬਣਾਉਣ ਦੇ ਕੰਮ 'ਚ ਟਾਈਮ ਹੈ ਕਿੱਥੇ।

(ਮੋਟਰ ਸਾਈਕਲ ਦੀ ਆਵਾਜ਼ ਆਉਂਦੀ ਹੈ)

ਬੱਬੂ : ਕੀਹਦੀਆਂ ਚੁਗਲੀਆਂ ਕਰਦੇ ਪਏ ਹੋ?

ਅਨੂਪ ਚੰਦ : (ਘਬਰਾਹਟ ਵਿੱਚ) ਟੈਸਟ ਕਰਵਾ ਕੇ ਆਇਆਂ ਆਪਣੇ।

ਬੱਬੂ : ਕਿੰਨੀ ਕੁ ਸ਼ਰਾਬ ਆਈ ਏ ਟੈਸਟਾਂ ਵਿੱਚ?

ਅਨੂਪ ਚੰਦ : ਦੇਖ ਬੱਬੂ, ਤੇਰਾ ਮਾਂ ਪਿਓ ਹਾਂ ਅਸੀਂ ਬਜ਼ੁਰਗਾਂ ਦੀ ਇੱਜ਼ਤ ਕਰਨੀ ਚਾਹੀਦੀ ਏ।

ਬੱਬੂ : ਹੋਰ ਕਿੰਨੀ ਕੁ ਇੱਜ਼ਤ ਕਰਾਂ। ਸ਼ਵੀ ਤੁਹਾਡੇ ਲਈ ਰੋਟੀ ਨਹੀਂ ਪਕਾਉਂਦੀ, ਬੁੜ੍ਹੀ ਦੇ ਮੂੰਹ 'ਚ ਹੋਰ ਬੁਰਕੀਆਂ ਪਾਵੇ।

ਅਨੂਪ ਚੰਦ : ਤੇਰੀ ਮਾਂ ਏ। ਤੂੰ ਅੱਜ ਇਹਦੇ 'ਤੇ ਵੀ ਹੱਥ ਚੁੱਕ ਲਿਐ?

ਬੱਬੂ : ਤੇਰੇ ਕੰਨ ਭਰ'ਤੇ ਇਹਨੇ। ਮੰਜੇ 'ਤੇ ਪਈ ਪਈ ਚੁਗਲੀ ਚੈਨਲ ਚਲਾਈ ਜਾਂਦੀ ਏ। ਡੈਡੀ, ਸ਼ਰਾਬ ਕਿੱਥੇ ਪਈ ਏ?

ਅਨੂਪ ਚੰਦ : ਮੁੱਕ ਗਈ ਏ ਕੱਲ੍ਹ ਦੀ।

ਬੱਬੂ : ਲੈ ਕੇ ਆ ਹੁਣੇ। ਹੋ ਜਾ ਤਿੱਤਰ ਠੇਕੇ ਵੱਲ।

ਅਨੂਪ ਚੰਦ : ਰਹਿਣ ਦੇ ਬੱਬੂ, ਤੇਰੀ ਮੰਮੀ ਸੀਰੀਅਸ ਜਾਪਦੀ ਏ।

ਬੱਬੂ : ਰੋਜ਼ ਇਵੇਂ ਈ ਹੁੰਦੀ ਏ ਸੀਰੀਅਸ। ਡੈਡੀ, ਆਹ ਗੋਸ਼ਟੀ ਪ੍ਰੋਗਰਾਮ ਨਹੀਂ ਹੈਗਾ ਜਿੱਥੇ ਤੇਰੀ ਚੱਲੇਗੀ। ਆਹ ਘਰ ਏ ਘਰ. ਰੋਟੀ ਨਹੀਂ ਮਿਲਣੀ ਜੇ ਹੁਣੇ ਬੋਤਲ ਨਾ ਲੈ ਕੇ ਆਇਆ ਦੱਲਾ ਕਿਸੇ ਥਾਂ ਦਾ।

ਅਨੂਪ ਚੰਦ : (ਪਰੇਸ਼ਾਨੀ ਵਿੱਚ) ਦੱਲਾ?

ਬੱਬੂ : ਹੋਰ ਕੀ। (ਹੱਥ ਵਿੱਚ ਡੰਡਾ ਫੜਦਾ ਹੈ) ਡੰਡਾ ਦਿਸਦੈ?

ਮੋਨਿਕਾ : ਲੈ ਆਓ ਬੋਤਲ.... ਜਾਓ ਪਲੀਜ਼.... ਕਿਤੇ ਤੁਹਡੇ ਨਾ ਵੱਜ ਜਾਣ.... ਹਾਏ ਰੱਬਾ.... ਮਿਹਰ ਕਰੀਂ।

ਅਨੂਪ ਚੰਦ : ਮੋਨਿਕਾ ਹੌਂਸਲਾ ਰੱਖ। ਮੈਂ ਹੁਣੇ ਠੇਕੇ ਤੋਂ ਲੈ ਕੇ ਆਇਆ। (ਤੇਜ਼ ਤੇਜ਼ ਕਦਮੀਂ ਚਲਾ ਜਾਂਦਾ ਹੈ)

ਮੋਨਿਕਾ : ਹੇ ਰੱਬਾ.... ਆਹ ਦਿਨ ਵੀ.... ਬੋਤਲ ਲੈਣ ਗਿਐ ਪਿਓ... ਉਹ ਦੇਵਤਾ ਏ.... ਮੁੰਡਾ ਪੂਰਾ ਬਦਮਾਸ਼ ਏ।

ਬੱਬੂ : ਕੀ ਭੌਂਕਦੀ ਏਂ। (ਸ਼ਵੀ ਆਉਂਦੀ ਹੈ)

ਸ਼ਵੀ : ਕੀ ਹੋਇਆ, ਬੜੇ ਉੱਚੀ ਬੋਲ ਰਹੇ ਸੀ?

ਬੱਬੂ : ਇਹ ਬੁੜ੍ਹੀ ਸਾਨੂੰ ਬਦਮਾਸ਼ ਕਹਿੰਦੀ ਏ।

ਸ਼ਵੀ : ਇੱਕ ਸੇਵਾ ਕਰੋ ਇਹਦੀ, ਦੂਜਾ ਬਦਅਸੀਸਾਂ ਲਓ। ਪਤਾ ਨਹੀਂ ਇਹ ਕਦੋਂ ਮੰਜਾ ਛੱਡੇਗੀ।

ਮੋਨਿਕਾ : ਹਾਏ... ਮੇਰਾ ਦਿਲ.... ਉੱਡਦਾ ਜਾਂਦੈ ਮੇਰਾ ਦਿਲ... ਅਜੇ ਆਏ ਨਹੀਂ.... ਮੇਰੇ ਦੇਵਤਾ... ਪਾਣੀ... ਪਤਾ ਨਹੀਂ ਕਦੋਂ ਆਉਗੇ... ਹਾਏ...

ਬੱਬੂ : ਅਜੇ ਨਹੀਂ ਆਇਆ ਠੇਕੇ ਤੋਂ। ਰਾਹ 'ਚ ਟੱਕਰ ਗਿਆ ਹੋਣੈਂ ਕੋਈ ਸਾਲਾ ਕਵੀ ਤੇ ਇਸ ਵੱਡੇ ਪ੍ਰੋਫੈਸਰ ਨੇ ਖੋਹਲ ਲਈ ਹੋਣੀ ਏ ਆਪਣੀ ਕਵਿਤਾ। ਅੱਗ ਲਾ ਕੇ ਫੂਕ ਦਿਆਂਗਾ ਇਹਦੀ ਲਾਇਬਰੇਰੀ ਨੂੰ। ਪੂਰਾ ਕਮਰਾ ਮੱਲਿਐ ਖੇਹ ਸੁਆਹ ਜਿਹੀਆਂ ਕਿਤਾਬੜੀਆਂ ਨੇ।

ਮੋਨਿਕਾ : ਨਾ ਨਾ.... ਤੇਰੇ ਪਿਓ ਨੇ ਪੰਦਰਾਂ ਕਿਤਾਬਾਂ.... ਕਿੰਨੇ ਸਨਮਾਨ...... ਕਿੰਨੇ ਪਰਚੇ ਪੜ੍ਹੇ.... ਪਰ ਮੇਰਾ ਦਿਲ... ਪਾਣੀ... ਸਿਰ ਦਿਆ ਸਾਈਆਂ ਆ ਜਾ... ਮੇਰੀਆਂ ਅੱਖਾਂ ਅੱਗੇ... ਪਾਣੀ

ਬੱਬੂ : ਸ਼ਵੀ, ਦੇ ਦੇ ਇਹਨੂੰ ਪਾਣੀ ਟੂਟੀ ਦਾ।
(ਸ਼ਵੀ ਗਲਾਸ ਵਿੱਚ ਪਾਣੀ ਲੈ ਕੇ ਆਉਂਦੀ ਹੈ)

ਸ਼ਵੀ : ਫੜ ਲੈ ਪਾਣੀ, ਹੁਣ ਅੱਖਾਂ ਬੰਦ ਕਰ ਲਈਆਂ? ਸੁਣਿਓ, ਇਹ ਤਾਂ ਪੂਰੀ ਹੋ ਗਈ। (ਚੀਕਦੀ ਹੋਈ) ਮੰਮੀ ਮਰ ਗਈ, ਘਰ ਸੁੰਨਾ ਕਰ ਗਈ।

ਬੱਬੂ : (ਚੀਕਦਾ ਹੋਇਆ) ਹੈਂ... ਸੱਚੀਂ ਪੂਰੀ ਹੋ ਗਈ ਮੰਮੀ...ਮੈਨੂੰ ਤੇਰੇ 'ਤੇ ਹੱਥ ਨਹੀਂ ਸੀ ਚੁੱਕਣਾ ਚਾਹੀਦਾ। ਹੋ ਸਕੇ ਤਾਂ ਮਾਫ ਕਰੀਂ ਮੰਮੀ।
(ਰੋਣ ਲੱਗ ਪੈਂਦਾ ਹੈ, ਅਨੂਪ ਚੰਦ ਆਉਂਦਾ ਹੈ ਜਿਸ ਦੇ ਹੱਥ ਵਿੱਚ ਸ਼ਰਾਬ ਦੀ ਬੋਤਲ ਹੈ)

ਸ਼ਵੀ : (ਰੋਂਦੀ ਹੋਈ) ਡੈਡੀ, ਮੰਮੀ ਨਹੀਂ ਰਹੀ....

ਅਨੂਪ ਚੰਦ : (ਘਬਰਾਹਟ ਵਿੱਚ) ਕੀ ਹੋਇਐ? ਕਹਾਣੀ ਖਤਮ ਹੋ ਗਈ.... (ਉੱਚੀ ਉੱਚੀ ਰੋਂਦਾ ਹੋਇਆ ਮੋਨਿਕਾ ਦੇ ਮੰਜੇ ਕੋਲ ਬਹਿ ਜਾਂਦਾ ਹੈ)
ਬਸ ਇੰਨਾ ਕੁ ਸੀ ਸਾਥ... ਤੂੰ ਪਿੰਡ ਜਾ ਕੇ ਮਰਨਾ ਚਾਹੁੰਦੀ ਸੀ.... ਮੈਂ ਤੇਰੀ ਆਖਰੀ ਖਾਹਿਸ਼ ਪੂਰੀ ਨਹੀਂ ਕਰ ਸਕਿਆ ਮੋਨਿਕਾ.... ਤੂੰ ਦੇਵੀ ਸੀ ਦੇਵੀ... ਤੂੰ ਮੇਰੀ ਜਾਇਜ਼ ਨਜਾਇਜ਼ ਸਭ ਮੰਨਦੀ ਰਹੀ....
(ਬੱਬੂ ਬੋਤਲ ਚੁੱਕ ਕੇ ਅੰਦਰ ਚਲਾ ਜਾਂਦਾ ਹੈ ਅਤੇ ਨਾਲ ਹੀ ਪਰਦਾ ਡਿੱਗਦਾ ਹੈ)



## ਦ੍ਰਿਸ਼ ਚੌਥਾ

ਸਥਾਨ : ਅਨੂਪ ਚੰਦ ਦੀ ਸ਼ਹਿਰ ਵਾਲੀ ਕੋਠੀ
(ਇੱਕ ਤਖ਼ਤਪੋਸ਼ ਤੇ ਕੁੱਝ ਕਿਤਾਬਾਂ ਸਜਾ ਕੇ ਰੱਖੀਆਂ ਹਨ। ਕੋਲ ਹੀ ਮੋਨਿਕਾ ਦੀ ਫਰੇਮ ਕੀਤੀ ਫੋਟੋ ਪਈ ਹੈ। ਅਨੂਪ ਚੰਦ ਗੰਭੀਰਤਾ ਵਿੱਚ ਕਦੇ ਕਿਤਾਬਾਂ ਵੱਲ ਅਤੇ ਕਦੇ ਮੋਨਿਕਾ ਦੀ ਫੋਟੋ ਵੱਲ ਵੇਖਦਾ ਹੈ ਜਿਵੇਂ ਕੁੱਝ ਤਲਾਸ਼ ਕਰ ਰਿਹਾ ਹੋਵੇ)

ਅਨੂਪ ਚੰਦ : (ਫੋਟੋ ਨਾਲ ਗੱਲਾਂ ਕਰਦਾ ਹੋਇਆ) ਇਹ ਤੇਰੀ ਜਵਾਨੀ ਦੀ ਫੋਟੋ ਏ। ਜਵਾਨੀ ਮਸਤਾਨੀ ਹੁੰਦੀ ਏ ਮੋਨਿਕਾ। ਤੇਰੇ ਨਾਲ ਬਿਤਾਏ ਪਲ ਕਿੰਨੇ ਹੁਸੀਨ ਸਨ....
(ਗਾਉਂਦਾ ਹੋਇਆ) ਨਹੀਂ ਲੱਭਣੇ ਲਾਲ ਗਵਾਚੇ
ਮਿੱਟੀ ਨਾ ਫਰੋਲ ਜੋਗੀਆ।
ਤੇਰੇ ਹੁੰਦਿਆਂ ਰੋਟੀ ਟਾਈਮ ਨਾਲ ਤਿਆਰ ਪਈ ਹੁੰਦੀ ਸੀ। ਮੈਂ ਭਾਵੇਂ ਲੇਟ ਹੋ ਜਾਂਦਾ ਸੀ.... ਕੱਪੜੇ ਧੋਤੇ ਹੋਏ ਇੱਕਦਮ ਸਾਫ਼.... ਘਰ ਦਾ ਸਾਰਾ ਕੰਮ ਕੁੰਜਿਆ ਹੁੰਦਾ ਸੀ, ਕੋਈ ਖਿਲਾਰਾ ਨਹੀਂ ਸੀ..... ਮਹਿਫਲਾਂ ਤੋਂ ਆਉਂਦੇ ਭਾਵੇਂ ਅੱਧੀ ਰਾਤ ਵੀ ਹੋ ਜਾਂਦੀ.... ਪਰ ਤੂੰ ਮੱਥੇ ਵੱਟ ਨਾ ਪਾਇਆ। ਮੇਰੇ ਆਉਣ ਤੱਕ ਤੂੰ ਜਾਗਦੀ ਰਹਿੰਦੀ, ਮੈਨੂੰ ਰੋਟੀ ਖਵਾ ਕੇ ਹੀ ਸੌਂਦੀ। ਤੇਰੀ ਤਪੱਸਿਆ ਮੂਹਰੇ ਮੇਰੀ ਕਲਮ ਕੁੱਝ ਵੀ ਨਹੀਂ....
(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਹੰਝੂ ਕਿਰਦੇ ਹਨ)
ਹੁਣ ਉਹ ਵਕਤ ਕਦੇ ਨਹੀਂ ਆਉਣਾ।
(ਗੇਟ 'ਤੇ ਲੱਗੀ ਘੰਟੀ ਦੀ ਆਵਾਜ਼ ਆਉਂਦੀ ਹੈ)
ਹੋ ਸਕਦੈ ਗੁਰਨਾਮ ਹੀ ਹੋਵੇ। (ਉੱਚੀ ਆਵਾਜ਼ ਵਿੱਚ)
ਲੰਘ ਆਓ ਅੰਦਰ। ਗੇਟ ਖੁੱਲ੍ਹਾ ਹੀ ਏ।
(ਗੁਰਨਾਮ ਆਉਂਦਾ ਹੈ)

ਅਨੂਪ ਚੰਦ : (ਗੁਰਨਾਮ ਸਿੰਘ ਨੂੰ ਗਲਵਕੜੀ ਪਾਉਂਦਾ ਹੋਇਆ) ਆਪ ਆਏ ਬਹਾਰ ਆਈ।

ਗੁਰਨਾਮ : (ਕਵਿਤਾ ਵਿੱਚ ਹੀ) ਪਿੰਡ ਦੀ ਹਵਾ ਨਾਲ ਲਿਆਈ।
(ਗੁਰਨਾਮ ਬੋਲਦੇ ਬੋਲਦੇ ਹੱਸਦਾ ਹੈ)

ਅਨੂਪ ਚੰਦ : ਆ ਬੈਠ ਯਾਰ, ਮੈਨੂੰ ਪੱਕਾ ਵਿਸ਼ਵਾਸ ਸੀ ਗੁਰਨਾਮ ਪਹੁੰਚਣ ਹੀ ਵਾਲਾ ਏ, ਮੈਂ ਗੇਟ ਦਾ ਕੁੰਡਾ ਖੋਲ੍ਹ ਆਇਆ।

ਗੁਰਨਾਮ : ਮੇਰਾ ਯਾਰ ਯਾਦ ਕਰੇ ਤਾਂ ਗੁਰਨਾਮ ਸਿੰਘ ਨਾ ਆਏ, ਇਹ ਕਿੱਥੇ ਲਿਖਿਐ। ਤੁਸੀਂ ਮੈਨੂੰ ਚਾਰ ਵਜੇ ਆਉਣ ਦਾ ਹੁਕਮ ਕੀਤਾ ਸੀ, ਆਪਾਂ ਹੁਕਮ ਦੇ ਬੱਧੇ ਡਰਦੇ ਮਾਰੇ ਦਸ ਮਿੰਟ ਅਡਵਾਂਸ ਹੀ ਹਾਜ਼ਰੀ ਲਵਾ ਦਿੱਤੀ ਏ।

(ਅਨੂਪ ਚੰਦ ਦੀਆਂ ਅੱਖਾਂ ਵਿੱਚੋਂ ਅੱਥਰੂ ਵਗਣੇ ਸ਼ੁਰੂ ਹੋ ਗਏ ਹਨ)

ਗੁਰਨਾਮ : ਅੱਥਰੂ? ਕੀ ਹੋਇਐ ਮੇਰੇ ਯਾਰ?

ਅਨੂਪ ਚੰਦ : ਲੋਕ ਕਹਿੰਦੇ ਨੇ ਜ਼ਮਾਨਾ ਸਵਾਰਥ ਦਾ ਆ ਗਿਐ, ਪਰ ਤੇਰੀ ਯਾਰੀ ਵੱਲ ਧਿਆਨ ਜਾਂਦੈ ਤਾਂ ਮੈਂ ਹਿੱਕ ਥਾਪੜ ਕੇ ਕਹਿ ਸਕਦਾਂ ਕਿ ਵਿਸ਼ਵਾਸ ਅਤੇ ਪਿਆਰ ਦਾ ਬੀਜ ਪੂਰੀ ਤਰ੍ਹਾਂ ਨਸ਼ਟ ਨਹੀਂ ਹੋਇਆ।

ਗੁਰਨਾਮ : ਪਿਆਰ ਨਿਭੇਗਾ ਵੀ ਆਖਰੀ ਦਮ ਤੱਕ.

ਅਨੂਪ ਚੰਦ : ਯਾਰ, ਇਸ ਪੁਤਲੇ 'ਚ ਜਿਹੜੇ ਸਾਹ ਚੱਲ ਰਹੇ ਨੇ, ਉਹ ਤੇਰੇ ਵਰਗੇ ਯਾਰਾਂ ਕਰਕੇ.... ਕਈ ਵਾਰ ਮੈਨੂੰ ਓਪਰੀ ਜਿਹੀ ਜਾਪਦੀ ਏ ਦੁਨੀਆ ਤਾਂ ਤੇਰਾ ਚੇਤਾ ਆਉਂਦੇ ਹੀ ਪਤਾ ਨਹੀਂ ਕੁਦਰਤ ਮੇਰੇ 'ਚ ਊਰਜਾ ਕਿਵੇਂ ਪੈਦਾ ਕਰ ਦਿੰਦੀ ਏ।

ਗੁਰਨਾਮ : ਮਿਹਰਬਾਨੀ ਯਾਰ।(ਕਿਤਾਬਾਂ ਵੱਲ ਇਸ਼ਾਰਾ ਕਰਦੇ ਹੋਏ) ਇਹ ਕਿਤਾਬਾਂ ਨੂੰ ਬੜਾ ਸਜਾ ਕੇ ਰੱਖਿਆ ਏ ਮੇਜ਼ ਤੇ। ਇਨ੍ਹਾਂ ਦੀ ਘੁੰਡ ਚੁਕਾਈ ਤਾਂ ਨਹੀਂ ਅੱਜ?

ਅਨੂਪ ਚੰਦ : ਅੱਜ ਕਿਤਾਬਾਂ ਰਲੀਜ਼ ਹੋਣਗੀਆਂ। ਦਸਦਾਂ, ਪਹਿਲਾਂ ਜ਼ਰਾ ਜੂਸ ਪੀ ਲੈ।

(ਦੋਵੇਂ ਗਲਾਸਾਂ 'ਚ ਪਾਇਆ ਹੋਇਆ ਜੂਸ ਪੀਂਦੇ ਹਨ)

ਗੁਰਨਾਮ : ਘਰ ਹੋਰ ਨਹੀਂ ਕੋਈ ਵੀ?

ਅਨੂਪ ਚੰਦ : ਅੱਜ ਮੈਂ ਇਕੱਲਾ ਹੀ ਹਾਂ। ਵੈਸੇ ਵੀ ਮੋਨਿਕਾ ਦੇ ਜਾਣ ਤੋਂ ਬਾਅਦ ਜਿਹੜੇ ਤਿੰਨ ਸਾਲ ਕੱਢੇ ਨੇ, ਖਾ ਗਈ ਇਕਾਂਤ ਮੈਨੂੰ। ਆਈਸੋਲੇਸ਼ਨ ਨਾਮੁਰਾਦ ਬਿਮਾਰੀ ਏ।

ਗੁਰਨਾਮ : ਮੁੰਡਾ, ਨੂੰਹ ਤੇ ਪੋਤੀ ਸਭ ਕਿੱਥੇ ਨੇ? ਕਿਤੇ ਅਲੱਗ ਤਾਂ ਨਹੀਂ ਹੋ ਗਏ?

ਅਨੂਪ ਚੰਦ : ਸ਼ੁਕਰ ਏ ਪੰਦਰਾਂ ਦਿਨ ਦੀ ਅਜ਼ਾਦੀ ਮਿਲੀ, ਸੁੱਖ ਦਾ ਸਾਹ ਆ ਗਿਐ।

ਗੁਰਨਾਮ : ਪੰਦਰਾਂ ਦਿਨ ਦੀ ਆਜ਼ਾਦੀ?



ਅਨੂਪ ਚੰਦ : ਉਹ ਟੂਰਿਸਟ ਵੀਜ਼ੇ 'ਤੇ ਜਰਮਨ ਗਏ ਨੇ, ਵੀਜ਼ਾ ਈ ਸਾਰਾ ਦੋ ਹਫਤਿਆਂ ਦਾ ਲੱਗੈ। ਮੈਂ ਤਾਂ ਚਾਹੁੰਦਾ ਸੀ ਕਿ ਕਿਤੇ ਸਾਲ ਛੇ ਮਹੀਨੇ ਲਈ ਮਗਰੋਂ ਲਹਿ ਜਾਂਦੇ ਪਰ.....

ਗੁਰਨਾਮ : ਬੰਦੇ ਦਾ ਪੁੱਤਰ ਨਹੀਂ ਬਣਿਆ ਬੱਬੂ?

ਅਨੂਪ ਚੰਦ : ਕੁੱਝ ਨਾ ਹੀ ਪੁੱਛ ਮੇਰੇ ਨਾਲ ਜੋ ਬੀਤਦੀ ਰਹੀ ਏ। ਮੇਰੇ ਕੋਲੋਂ ਦੱਸੀ ਨਹੀਂ ਜਾਣੀ, ਤੇਰੇ ਕੋਲੋਂ ਸੁਣੀ ਨਹੀਂ....

ਗੁਰਨਾਮ : ਪਰ ਉਹਨਾਂ ਨੂੰ ਬਿਮਾਰੀ ਕੀ ਏ ਮੁੰਡੇ ਤੇ ਨੂੰਹ ਨੂੰ?

ਅਨੂਪ ਚੰਦ : ਆਪਣੀ ਪੈਨਸ਼ਨ ਵਿੱਚੋਂ ਘਰ ਦੇ ਸਾਰੇ ਖਰਚੇ ਮੈਂ ਕਰਾਂ, ਦੁੱਧ ਦਾ ਬਿੱਲ, ਬਿਜਲੀ ਦਾ ਬਿੱਲ, ਪਾਣੀ ਦਾ ਬਿੱਲ, ਕਰਿਆਨਾ ਤੇ ਸਬਜ਼ੀ ਸਭ ਮੈਂ ਢੋਵਾਂ ਤੇ ਫਿਰ ਗਾਲ੍ਹਾਂ....

ਗੁਰਨਾਮ : ਪਰ ਉਹ ਆਪ ਮੀਆਂ ਬੀਵੀ ਵੀ ਤਾਂ ਕਮਾਉਂਦੇ ਨੇ?

ਅਨੂਪ ਚੰਦ : ਉਹ ਬੈਂਕ ਬੈਲੈਂਸ ਦੀ ਚਿੰਤਾ ਕਰਦੇ ਰਹੇ ਤੇ ਹੁਣ ਜਰਮਨ ਦੀਆਂ ਸੈਰਾਂ ਪਏ ਕਰਦੇ ਨੇ।

ਗੁਰਨਾਮ : ਬੈਂਕ ਬੈਲੈਂਸ ਰੱਖਣ ਪਰ ਤੇਰੀ ਰਸਪੈਕਟ ਤਾਂ ਕਰਨ।

ਅਨੂਪ ਚੰਦ : ਰਸਪੈਕਟ? ਬਕਵਾਸ ਐਸਾ ਕਰਦੈ ਕਿ ਦਿਲ.... ਬਸ ਮਨ ਨੂੰ ਮਾਰ ਕੇ ਦਿਨ ਕੱਟੀ ਕਰ ਰਿਹਾਂ।

ਗੁਰਨਾਮ : ਤੁਸੀਂ ਸਭ ਚੁੱਪ ਕਰਕੇ ਸਹਿ ਜਾਂਦੇ ਰਹੇ ਹੋ?

ਅਨੂਪ ਚੰਦ : ਹੋਰ ਕਰਦਾ ਵੀ ਕੀ। ਹੱਡੀਆਂ ਤੁੜਾਉਂਦਾ ਉਸ ਤੋਂ। ਹਰਾਮਜ਼ਾਦਾ, ਕੁੱਤਾ ਕਮੀਨਾ, ਬੁੱਢਾ ਕੁੱਕੜ, ਮੀਣਾ ਸ਼ਾਇਰ, ਡੱਫਰ ਤੇ ਦੱਲਾ, ਕਿੰਨੇ ਹੀ ਸਨਮਾਨ ਉਹਨੇ ਫਰੀ 'ਚ ਮੇਰੀ ਝੋਲੀ 'ਚ ਪਾਏ ਨੇ।

ਗੁਰਨਾਮ : ਦੱਲਾ ਤਾਂ ਤੁਸੀਂ ਵੀ ਬਾਪੂ ਕਰਤਾਰ ਚੰਦ ਨੂੰ ਕਹਿ ਦਿੰਦੇ ਸੀ ਘੁੱਟ ਪੀ ਕੇ।

ਅਨੂਪ ਚੰਦ : ਹੂੰ..... ਸੁਣ ਵੀ ਤਾ ਰਹੇ ਹਾਂ। ਅੱਜ ਬਾਪੂ ਦਾ ਵਿਹੜਾ ਯਾਦ ਆ ਰਿਹੈ।

ਗੁਰਨਾਮ : ਲਿਆਓ ਹੁਣ ਕੋਈ ਬੋਤਲ ਪ੍ਰੋਫੈਸਰ ਸਾਹਿਬ, ਪੀ ਕੇ ਕਰਦੇ ਹਾਂ ਦੁੱਖ ਸੁੱਖ ਸਾਂਝੇ।

ਅਨੂਪ ਚੰਦ : ਪਿੰਡ ਜਾ ਕੇ ਕਰਾਂਗੇ ਅੱਜ ਹੀ।

ਗੁਰਨਾਮ : (ਹੈਰਾਨੀ ਵਿੱਚ) ਪਿੰਡ ਜਾ ਕੇ ਅੱਜ ਹੀ?

ਅਨੂਪ ਚੰਦ : ਉਹਨਾਂ ਜਰਮਨ ਤੋਂ ਕੱਲ੍ਹ ਆ ਜਾਣੈਂ।ਆਉਣ ਤੋਂ ਪਹਿਲਾਂ ਹੀ ਆਪਣਾ

ਪ੍ਰਬੰਧ ਕਰ ਲਈਏ। ਹੁਣ ਹੋਰ ਕੁੱਟ ਖਾਧੀ ਨਹੀਂ ਜਾਂਦੀ ਇਹਨਾਂ ਬੁੱਢੇ ਹੱਡਾਂ ਤੋਂ।

ਗੁਰਨਾਮ : ਸ਼ਹਿਰ ਛੱਡ ਜਾਣੈਂ?

ਅਨੂਪ ਚੰਦ : ਰੱਜ ਗਏ ਹਾਂ ਸ਼ਹਿਰ ਤੋਂ। ਸੋਚਿਆ ਕੀ ਸੀ, ਹੋ ਕੀ ਗਿਆ....

ਗੁਰਨਾਮ : ਤੇ ਸ਼ਹਿਰ ਦੇ ਤੁਹਾਡੇ ਸਾਥੀ?

ਅਨੂਪ ਚੰਦ : ਸਭ ਉਪਰ ਪਹੁੰਚ ਗਏ ਨੇ ਦਾਰੂ ਪੀ ਪੀ ਕੇ। ਇੱਕ ਦੋ ਰਹਿ ਗਏ ਨੇ, ਗੋਡੇ ਜਵਾਬ ਦੇ ਗਏ ਉਹਨਾਂ ਦੇ। ਬੱਸ ਇੱਕ ਕਪੂਰ ਹੀ ਏਏ ਜਿਹਦੀ ਮਾਰਕੀਟ ਚੱਲ ਗਈ। ਕਿਸੇ ਨਾ ਕਿਸੇ ਚੈਨਲ 'ਤੇ ਬੁੱਕ ਹੋਇਆ ਹੁੰਦੈ। ਉਹਨੂੰ ਮਿਲਣ ਲਈ ਅਪਾਇੰਟਮੈਂਟ ਕੌਣ ਲਵੇ।..... ਇਹਨਾਂ ਯਾਰਾਂ ਨੂੰ ਛੱਡ। ਪਿੰਡ ਦੇ, ਮੁਹੱਲੇ ਦੇ ਮਿੱਤਰਾਂ ਨੂੰ ਮਿਲਾਂਗੇ ਤੇ ਰੌਣਕ ਵੀ ਸ਼ਾਇਦ ਪਰਤ ਆਏ ਚਿਹਰੇ 'ਤੇ। ਆਹ ਕਿਤਾਬਾਂ ਨੂੰ ਲੈ ਕੇ ਜਾਣੈਂ ਪਿੰਡ।

(ਫੋਨ ਦੀ ਘੰਟੀ ਵੱਜਦੀ ਹੈ)

ਲੈ ਆਏ ਕਾਰ? ਬਸ ਸਾਡੀ ਵੀ ਤਿਆਰੀ ਏ।

(ਗੁਰਨਾਮ ਨੂੰ) ਕਿਰਾਏ 'ਤੇ ਕੋਈ ਛੋਟਾ ਜਿਹਾ ਘਰ ਮਿਲ ਹੀ ਜਾਏਗਾ?

ਗੁਰਨਾਮ : ਘਰ... ਹਾਂ ਹਾਂ, ਤੁਹਾਡੇ ਵਾਲੀ ਕੋਠੀ ਖਾਲੀ ਪਈ ਏ। ਉਹਦੇ ਮਾਲਕ ਅਮਰੀਕਾ ਚਲੇ ਗਏ ਨੇ। ਕਿਰਾਇਆ ਵੀ ਖ਼ਾਸ ਨਹੀਂ।

ਅਨੂਪ ਚੰਦ : (ਖੁਸ਼ੀ ਵਿੱਚ) ਸਾਡੀ ਕੋਠੀ? (ਸੋਚਾਂ ਵਿੱਚ) ਜਿੱਥੇ ਮੋਨਿਕਾ ਰੋਟੀਆਂ ਪਕਾਇਆ ਕਰਦੀ ਸੀ.... ਵਿਹੜੇ 'ਚ ਭੱਜੀ ਫਿਰਦੀ ਸੀ। ਉਸ ਘਰ ਵਿੱਚ ਮੈਂ ਮੋਨਿਕਾ ਦੀ ਫੋਟੋ ਲਾਵਾਂਗਾ, ਮੋਨਿਕਾ ਫਿਰ ਆਪਣੇ ਘਰ ਪਹੁੰਚ ਜਾਵੇਗੀ।

(ਫੋਨ ਦੀ ਘੰਟੀ ਵੱਜਦੀ ਹੈ)

ਅਨੂਪ ਚੰਦ : ਹੈਲੋ ਕੌਣ?

ਫੋਨ ਤੋਂ ਆਵਾਜ਼ : ਤੇਰਾ ਬਾਪ ਬੱਬੂ। ਘਰ ਦੀ ਸਫਾਈ ਕਰਾ ਦੇ ਚੰਗੀ ਤਰ੍ਹਾਂ। ਠੀਕ ਤਿੰਨ ਘੰਟੇ ਬਾਅਦ ਪਹੁੰਚਣ ਵਾਲੇ ਆਂ। ਜੇ ਘਰ ਨਰਕ ਬਣਿਆ ਹੋਇਆ ਤਾਂ ਤੈਨੂੰ ਨਰਕਾਂ 'ਚ ਪਹੁੰਚਾ ਕੇ ਛੱਡਾਂਗਾ।

ਅਨੂਪ ਚੰਦ : ਆ ਕੁੱਤਿਆ, ਤੇਰੀ ਗੁਲਾਮੀ ਦਾ ਦੌਰ ਖਤਮ ਹੋ ਗਿਐ।

(ਫੋਨ ਬੰਦ ਕਰ ਦਿੰਦਾ ਹੈ) ਜੂਠਾਂ ਜ਼ਮਾਨੇ ਦੀਆਂ, ਤਿੰਨ ਘੰਟਿਆਂ ਨੂੰ ਇੱਥੇ ਆਉਣ ਵਾਲੀਆਂ ਨੇ।

ਗੁਰਨਾਮ : ਹੁਣ ਫਿਰ ਕਿਵੇਂ?



ਅਨੂਪ ਚੰਦ : ਆਹ ਚੁੱਕ ਯਾਰ ਕਿਤਾਬਾਂ। ਬਾਕੀ ਮੈਂ ਆਪਣੇ ਕਾਗਜ਼ ਪੱਤਰ ਸਭ ਬੈਗ 'ਚ ਪਾ ਲਏ ਨੇ। ਚਾਬੀ ਗੁਆਂਢੀਆਂ ਨੂੰ ਫੜਾ ਦਿੰਦੇ ਹਾਂ। ਵੇਖਾਂਗਾ, ਹੁਣ ਉਹ ਬਦਮਾਸ਼ ਕਿਹਦੇ 'ਤੇ ਬਦਮਾਸ਼ੀ ਝਾੜੇਗਾ।

ਗੁਰਨਾਮ : (ਕਿਤਾਬਾਂ ਚੁੱਕਦਾ ਹੋਇਆ) ਬਾਕੀ ਉਹ ਵਿਗੜਿਆ ਮੁੰਡਾ ਪਿੰਡ ਆ ਕੇ ਬੋਲੇ ਤੁਹਾਡੇ ਉਲਟ, ਕਿਵੇਂ ਭਾਜੀ ਮੋੜਾਂਗਾ ਉਹਨੂੰ।

ਅਨੂਪ ਚੰਦ : ਇੱਥੇ ਮੇਰਾ ਦਮ ਘੁੱਟਦਾ ਪਿਆ ਸੀ। ਤੇਰੇ ਆਉਣ ਨਾਲ ਪਿੰਡ ਦੀ ਹਵਾ ਦੇ ਤਾਜ਼ੇ ਬੁੱਲੇ ਦੀ ਮਹਿਕ ਮਹਿਸੂਸ ਹੋ ਰਹੀ ਏ। ਉੱਥੇ ਜਾ ਕੇ ਖੁੱਲ੍ਹੀ ਹਵਾ 'ਚ ਸਾਹ ਲਵਾਂਗਾ। ਤੇਰੀਆਂ ਲਿਖੀਆਂ ਗ਼ਜ਼ਲਾਂ ਨੂੰ ਗਾਵਾਂਗਾ ਬਾਪੂ ਦੇ ਵਿਹੜੇ ਵਿੱਚ।

(ਅਨੂਪ ਚੰਦ ਮੋਢੇ 'ਤੇ ਬੈਗ ਲਟਕਾ ਲੈਂਦਾ ਹੈ, ਗੁਰਨਾਮ ਸਿੰਘ ਨੇ ਕਿਤਾਬਾਂ ਚੁੱਕੀਆਂ ਹਨ, ਦੋਵੇਂ ਉਥੋਂ ਜਾਣ ਦੀ ਤਿਆਰੀ ਕਰਦੇ ਜਾਪਦੇ ਹਨ)

ਪਿੱਛੋਂ ਗੀਤ ਦੀ ਆਵਾਜ਼ :

ਮੈਂ ਜਾ ਰਿਹਾ ਹਾਂ ਆਪਣੇ ਦੇਸ<br>
ਛੱਡ ਚੱਲਿਆ ਹਾਂ ਪਰਦੇਸ।<br>
ਬਾਪੂ ਦੇ ਵਿਹੜੇ ਦੇ ਲੋਕ<br>
ਨੱਚਦੇ, ਹੱਸਦੇ, ਉਹ ਦਰਵੇਸ਼<br>
ਮੈਂ ਜਾ ਰਿਹਾ...

(ਪਰਦਾ)

***

# ਦਿੱਲੀ ਤੋਂ ਬਾਬਾ ਬਕਾਲਾ



| | |
|---|---|
| ਸਮਾਂ: | ਸੰਨ 1663-64 |
| ਖੇਤ ਰਾਮ : | ਇੱਕ ਮਜ਼ਦੂਰ, ਉਮਰ 30 ਸਾਲ |
| ਜੀਵੀ : | ਖੇਤ ਰਾਮ ਦੀ ਪਤਨੀ, 28 ਸਾਲ |
| ਬਾਵਾ : | ਖੇਤ ਰਾਮ ਦਾ ਗੁਆਂਢੀ |
| ਮੱਖਣ ਸ਼ਾਹ ਲੁਬਾਣਾ : | ਇੱਕ ਧਨਾਢ ਵਪਾਰੀ, 45 ਸਾਲ |
| ਸ਼ੀਂਹ ਡਾਕੂ : | ਉਮਰ ਲਗਪਗ 40 ਸਾਲ |
| ਹਕੀਮ | |
| ਸਾਧ | |
| ਕਿਸਾਨ | |

## ਦ੍ਰਿਸ਼ ਇੱਕ

ਸਥਾਨ : ਪੁਰਾਣੀ ਦਿੱਲੀ ਦੇ ਬਾਹਰਵਾਰ ਵਿਰਲੀ ਆਬਾਦੀ ਵਿੱਚ ਸਥਿਤ ਇੱਕ ਘਰ ਜਿਸਦਾ ਖੁੱਲ੍ਹਾ ਜਿਹਾ ਵਿਹੜਾ ਹੈ।

ਪਿੱਛੋਂ ਆਵਾਜ਼ : ਇਹ ਦਿੱਲੀ ਦੇ ਪਰਦੇਸ ਨੇ,
ਜਿੱਥੇ ਵੱਖਰੇ ਵੱਖਰੇ ਭੇਸ ਨੇ।
ਕੁੱਝ ਰੰਗਰਲੀਆਂ ਮਨਾਉਂਦੇ ਨੇ,
ਕਈ ਭੁੱਖੇ ਡੰਗ ਟਪਾਉਂਦੇ ਨੇ।
ਸੰਨ 1663 ਦੀ ਬਾਤ ਸੀ,
ਸਹਿਮੀ ਕਾਲੀ ਬੋਲੀ ਰਾਤ ਸੀ।
ਚੇਚਕ ਦੀ ਆਫਤ ਆ ਗਈ,
ਖਲਕਤ ਘੋਰ ਉਦਾਸ ਸੀ।
(ਮੈਲੇ ਜਿਹੇ ਫਟੇ ਕਪੜਿਆਂ ਵਿੱਚ ਖੇਤ ਰਾਮ ਨਾਂ ਦਾ ਵਿਅਕਤੀ ਮੰਚ ਤੇ ਆਉਂਦਾ ਹੈ)

ਖੇਤ ਰਾਮ : (ਆਪਣੇ ਆਪ ਵਿੱਚ) ਹਾਏ ਓਏ ਮੇਰਿਆ ਰੱਬਾ! ਮੈਂ ਕਰਾਂ ਤਾਂ ਕੀ ਕਰਾਂ? ਮਰਾਂ ਤਾਂ ਕਿਹੜੇ ਢੱਠੇ ਖੂਹ 'ਚ ਮਰਾਂ... ਕੁੱਝ ਨਹੀਂ ਸੁੱਝਦਾ ਕਿਥੇ ਜਾਵਾਂ...ਚੇਚਕ ਦੀਏ ਬਿਮਾਰੀਏ! ਤੂੰ ਵੀ ਸਾਡੇ ਗਰੀਬਾਂ ਤੇ ਰਹਿਮ ਨਾ ਕੀਤਾ (ਫੁੱਟ ਫੁੱਟ ਕੇ ਰੋਂਦਾ ਹੈ, ਜੀਵੀ ਆਉਂਦੀ ਹੈ)

ਜੀਵੀ : ਸਾਡੇ ਗਰੀਬਾਂ ਦੇ ਘਰੋਂ ਕੀ ਮਿਲਣਾ ਸੀ ਚੇਚਕ ਨੂੰ... (ਰੋ ਪੈਂਦੀ ਹੈ)

ਖੇਤ ਰਾਮ: ਸਾਡੇ ਵੱਲ ਵੇਖ... ਸਾਡੇ ਮੂੰਹ ਤੇ ਹੈ ਕੋਈ ਮਾਸ? ਹੱਡੀਆਂ ਖੜਖੜ ਕਰਦੀਆਂ ਨੇ। ਚੇਚਕ ਦੀਏ ਬਿਮਾਰੀਏ, ਸਾਡੇ ਨੰਗਾਂ ਦੇ ਘਰ ਆਉਂਦੇ ਜ਼ਰਾ ਤਾਂ ਸ਼ਰਮ ਕਰਨੀ ਸੀ...

ਜੀਵੀ : ਅੱਜ ਸ਼ਰਮ ਧਰਮ ਕਿਥੇ ਅਲੋਪ ਹੋ ਗਏ?

ਖੇਤ ਰਾਮ: ਦਿੱਲੀ 'ਚ ਸ਼ਰਮ ਧਰਮ ਕਿਥੇ? ਹਿਲ ਗਈ ਦਿੱਲੀ, ਚੇਚਕ ਨੇ ਦਿੱਲੀ ਵਿੱਚ ਹਾਹਾਕਾਰ ਮਚਾ ਦਿੱਤੀ ਏ... ਮੌਤ ਦਾ ਨਾਚ ਹੋਵੇਗਾ, ਸਾਰਾ ਜਹਾਨ ਰੋਵੇਗਾ।

ਜੀਵੀ : ਤੇ ਮੇਰਾ ਘੁੱਦਾ... ਵਿਚਾਰੇ ਦੀ ਹਾਲਤ ਵੇਖੀ ਨਹੀਂ ਜਾਂਦੀ। ਸਾਰੀ ਰਾਤ ਤੜਫਦਾ ਰਿਹੈ... ਸ਼ਾਇਦ ਉਹਨੂੰ ਵੀ ਚੇਚਕ ਹੀ...



ਖੇਤ ਰਾਮ: (ਰੋਣਹਾਕੀ ਉੱਚੀ ਆਵਾਜ਼ ਵਿੱਚ) ਤੇ ਆਹ ਚੇਚਕ ਮੇਰੇ ਘੁੱਦੇ ਨੂੰ ਵੀ ਖਾ ਜਾਵੇਗੀ ਕਲੈਹਣੀ ਡੈਣ! ਮੇਰਾ ਘੁੱਦਾ ਮੇਰੇ ਘਰ ਦਾ ਚਿਰਾਗ ਏ, ਮੇਰੀ ਰੋਸ਼ਨੀ ਏ।

ਜੀਵੀ : ਅਜੇ ਕੱਲ੍ਹ ਤੱਕ ਤੋਤਲੀਆਂ ਗੱਲਾਂ ਕਰਦਾ ਸੀ। ਮੈਂ ਕਿੰਨੇ ਚਾਵਾਂ ਨਾਲ ਪਾਲਿਐ ਆਪਣੇ ਪੁੱਤਰ ਨੂੰ।

ਖੇਤ ਰਾਮ : ਜੀਵੀਏ, ਤੈਨੂੰ ਯਾਦ ਹੋਵੇਗਾ ਜਦ ਮੈਂ ਸਾਰਾ ਦਿਨ ਮਿੱਟੀ ਨਾਲ ਮਿੱਟੀ ਹੋ ਕੇ ਤਰਕਾਲਾਂ ਨੂੰ ਘਰ ਪਰਤਦਾ ਰਿਹਾ ਤਾਂ ਮੇਰਾ ਘੁੱਦਾ ਮੈਨੂੰ ਬਾਪੂ ਬਾਪੂ ਕਹਿੰਦਾ ਮੇਰੀਆਂ ਬਾਹਵਾਂ ਵਿੱਚ ਆ ਜਾਂਦਾ ਸੀ ਤਾਂ... ਮੇਰੇ ਦਿਨ ਭਰ ਦੀ ਥਕਾਵਟ ਇੱਕ ਪਲ ਵਿੱਚ ਈ ਲਹਿ ਜਾਂਦੀ ਸੀ।

ਜੀਵੀ : ਤੇ ਹੁਣ ਕੀ ਹੋਵੇਗਾ?

ਖੇਤ ਰਾਮ : ਕੀ ਪਤੈ ਕੀ ਹੋਵੇਗਾ... ਮੇਰੀਆਂ ਆਸਾਂ ਦੇ ਦੀਵੇ ਇਸ ਹਨੇਰੀ ਅੱਗੇ ਬੇਬਸ ਹੋ ਗਏ। ਹਨੇਰੀ ਦੇ ਤੇਜ਼ ਬੁੱਲਿਆਂ ਅੱਗੇ ਇਹ ਦੀਵੇ ਹੁਣ ਬੁੱਝ ਜਾਣਗੇ..

ਜੀਵੀ : ਇਹ ਨਹੀਂ ਹੋਣਾ ਚਾਹੀਦਾ... (ਫੁੱਟ ਫੁੱਟ ਕੇ ਰੋ ਪੈਂਦੀ ਹੈ)

ਖੇਤ ਰਾਮ : ਕੌਣ ਪ੍ਰਵਾਹ ਕਰਦੈ ਕੀ ਹੋਣਾ ਚਾਹੀਦੈ। ਕੀ ਨਹੀਂ ਹੋਣਾ ਚਾਹੀਦੈ- ਇਹ ਤਾਂ ਤਾਰੇ ਤੋੜਣ ਵਾਲੀ ਗੱਲ ਏ।

ਜੀਵੀ : (ਕੁੱਝ ਸੋਚਦੀ ਹੋਈ) ਮੇਰੇ ਖਿਆਲ ਵਿੱਚ ਸੇਠ ਲੱਭੂ ਸ਼ਾਹ ਕੋਲ ਜਾ ਕੇ ਹੱਥ ਪੱਲਾ ਜੋੜਣਾ ਚਾਹੀਦੈ। ਅਸੀਂ ਵੀ ਤਾਂ ਉਹਦੀ ਅੱਧੀ ਨਹੀਂ ਮੋੜਦੇ। ਅੱਧੀ ਰਾਤ ਵਾਜ ਮਾਰੇ ਤਾਂ ਮੰਜਾ ਛੱਡ ਕੇ ਉਹਦੇ ਵੱਲ ਦੌੜ ਪੈਂਦੇ ਹੋ। ਤੂੰ ਉਹਦੇ ਕੋਲ ਜਾ ਤੇ ਕੁੱਝ ਦਮੜੇ ਉਧਾਰ ਲੈ ਆ।

ਖੇਤ ਰਾਮ : ਗਿਆ ਸੀ ਉਹਦੇ ਵੱਲ।

ਜੀਵੀ : ਫਿਰ?

ਖੇਤ ਰਾਮ : ਉਹਦੇ ਨੌਕਰ ਨੇ ਮੇਰੇ ਕੰਨ 'ਚ ਹੋਲੀ ਜਿਹੀ ਕਿਹੈ- ਸੇਠ ਹੋਰੀਂ ਗੌਣ ਪਾਣੀ ਵੇਖਣ ਗਏ ਨੇ। ਮੈਨੂੰ ਕਹਿੰਦੈ-ਐਥੋਂ ਮੁੜ ਜਾ ਸੇਠਾਣੀ ਸੁਣ ਨਾ ਲਏ ਕਿ...

ਜੀਵੀ : ਉਹਦਾ ਪਤੀ ਪਰਮੇਸ਼ਰ ਰੰਗ ਰਲੀਆਂ ਮਨੌਣ ਗਿਐ।

ਖੇਤ ਰਾਮ : ਐਧਰ ਦੁਨੀਆਂ ਚੇਚਕ ਨਾਲ ਮਰਦੀ ਪਈ ਏ... ਚਾਰੇ ਪਾਸੇ ਅਰਥੀਆਂ ਹੀ ਅਰਥੀਆਂ, ਵੈਣ ਹੀ ਵੈਣ। ਉਧਰ ਲੱਭੂ ਸ਼ਾਹ...

ਜੀਵੀ : ਕੁੱਤਾ ਜਵਾਨੀ ਦੇ ਘੋੜੇ ਤੇ ਚੜ੍ਹਿਆ ਫਿਰਦੈ।

ਖੇਤ ਰਾਮ : ਉਧਰ ਸੇਠਾਨੀ ਦੀ ਘਰ ਪਈ ਪਈ ਦੀ ਮੁਨਿਆਦ ਮੁੱਕ ਚੱਲੀ ਏ। ਲੱਭੂ ਸ਼ਾਹ ਅੱਗੇ ਪਿੱਛੇ ਕਹਿੰਦਾ ਸੀ ਖੇਤ ਰਾਮ! ਮਾਇਆ ਦੀ ਲੋੜ ਪਵੇ ਤਾਂ ਝਕੀਂ ਨਾ। ਅੱਜ... ਸਾਲਾ ਲੱਭੂ ਸ਼ਾਹ ਲੱਭਦਾ ਨਹੀਂ ਪਿਆ, ਜਿਹਦੇ ਵਾਸਤੇ ਮੈਂ ਬੁੱਤੀਆਂ ਕੱਢਦਾ ਰਿਹਾਂ। ਲਭੂ ਸ਼ਾਹ! ਜੇ ਮੇਰੇ ਘੁੱਦੇ ਨੂੰ ਕੁੱਝ ਹੋ ਗਿਆ ਤਾਂ ਸਹੁੰ ਰਾਮ ਜੀ ਕੀ, ਤੇਰੇ ਵਾਲੀ ਰਮਾਇਣ ਵੀ ਨਾਲ ਹੀ ਪੜ੍ਹ ਦਿਆਂਗਾ।

ਜੀਵੀ : (ਗੱਲ ਬਦਲਦੀ ਹੋਈ) ਮੈਂ ਤਾਂ ਸੁਣਿਐ ਮੁਗਲ ਬਾਦਸ਼ਾਹ ਔਰੰਗਜ਼ੇਬ ਨੇ ਪਾਬੰਦੀ ਲਾਈ ਹੋਈ ਏ ਮੁਜ਼ਰਿਆਂ ਤੇ?

ਖੇਤ ਰਾਮ : ਭਲੀਏ ਲੋਕੇ, ਉਹ ਤਾਂ ਸਾਰਾ ਦਿਨ ਆਇਤਾਂ ਲਿਖਦਾ ਰਹਿੰਦੈ। ਮਗਰੋਂ ਸਰਦਾਰ, ਅਹਿਲਕਾਰ ਤੇ ਲੱਭੂ ਸ਼ਾਹ ਵਰਗੇ ਛੋਟੀਆਂ ਛੋਟੀਆਂ ਟੋਲੀਆਂ ਬਣਾ ਕੇ ਆਪਣਾ ਵੱਤਰ ਵਾਹ ਜਾਂਦੇ ਨੇ। ਇਹ ਨਾਚੀਆਂ ਨਚਾਉਂਦੇ ਨੇ, ਆਪਸ ਵਿੱਚ ਪਿਆਲੇ ਖੜਕਾਉਂਦੇ ਨੇ... ਪਰ ਮੈਨੂੰ ਇਹਨਾਂ ਗੱਲਾਂ ਨਾਲ ਕੀ? ਮੇਰਾ ਛੋਟਾ ਜਿਹਾ ਪਿਆਰਾ ਜਿਹਾ ਘੁੱਦਾ...

ਜੀਵੀ : ਹੇ ਈਸ਼ਵਰ ! ਇਸ ਔਖੇ ਵਕਤ ਤੂੰ ਹੀ ਸਾਰ ਲੈ ਸਾਡੀ ਗਰੀਬਾਂ ਦੀ। ਕਹਿੰਦੇ ਨੇ ਜਿਹਨੇ ਪੈਦਾ ਕੀਤੈ, ਔਖੀ ਘੜੀ ਕੰਮ ਵੀ ਉਹਨੇ ਆਉਣੈ। ਨੀਲੀ ਛੱਤ ਵਾਲਿਆ! ਤੂੰ ਈ ਕਰ ਕੋਈ ਹੀਲਾ ਵਸੀਲਾ

ਖੇਤ ਰਾਮ : ਨਾ ਕਰ ਤਰਲੇ, ਰੱਬ ਤੇ ਵੀ ਕਬਜਾ ਹੋ ਗਿਐ ਤਕੜੇ ਲੋਕਾਂ ਦਾ।

ਜੀਵੀ : ਅਸੀਂ ਰੱਬ ਅੱਗੇ ਹੱਥ ਈ ਜੋੜ ਸਕਦੇ ਹਾਂ...

ਖੇਤ ਰਾਮ : ਹੋਰ ਕਿਹੜਾ ਉਹਦੀ ਲੱਤ ਤੋੜ ਸਕਦੇ ਹਾਂ!
(ਬਾਵਾ ਆਉਂਦਾ ਹੈ)

ਬਾਵਾ : ਰੱਬ ਦਿਆ ਪਿਆਰਿਆ! ਰੱਬ ਨੂੰ ਈ ਮੰਦਾ ਬੋਲੀ ਜਾਂਦੈ?

ਖੇਤ ਰਾਮ : ਹੋਰ ਕਿਹਨੂੰ ਬੋਲਾਂ? ਤੈਨੂੰ?

ਬਾਵਾ : (ਹਮਦਰਦੀ ਪ੍ਰਗਟ ਕਰਦਾ ਹੋਇਆ) ਚੱਲ ਮੈਨੂੰ ਜੋ ਮਰਜੀ ਬੋਲ ਲੈ, ਤੇਰਾ ਮਨ ਖੁਸ਼ ਹੋ ਜਾਏ।

ਖੇਤ ਰਾਮ : ਪਰ ਮੈਂ ਤੈਨੂੰ ਮੰਦਾ ਕਿਓਂ ਬੋਲਾਂ। ਤੈਨੂੰ ਮਾੜਾ ਬੋਲਣ ਨਾਲ ਚੇਚਕ ਸਾਡਾ ਖਹਿੜਾ ਛੱਡ ਜਾਵੇਗੀ?

ਬਾਵਾ : (ਤ੍ਰਭਕਦਾ ਹੋਇਆ) ਚੇਚਕ?

ਖੇਤ ਰਾਮ : ਹਾਂ ਮੇਰੇ ਘੁੱਦੇ ਨੂੰ... (ਰੋ ਪੈਂਦਾ ਹੈ)



ਬਾਵਾ : ਨਾ ਰੋ, ਰੱਬ ਨੂੰ ਯਾਦ ਕਰ ਜਿਹਨੇ ਕਸ਼ਟ ਕਟਣੈ ਤੇਰਾ।

ਖੇਤ ਰਾਮ : ਤੂੰ ਪੜ੍ਹਿਆ ਲਿਖਿਆ ਬੰਦਾ ਏਂ, ਤੇਰੇ ਕੋਲ ਹੈ ਕੋਈ ਹੀਲਾ ਵਸੀਲਾ?

ਬਾਵਾ : ਮੇਰਾ ਈਸ਼ਵਰ ਹੀ ਮੇਰਾ ਹੀਲਾ ਵਸੀਲਾ ਏ (ਹਕੀਮ ਆਉਂਦਾ ਹੈ) ਖੇਤ ਰਾਮਾ, ਸੁਣ ਲਈ ਤੇਰੀ ਰੱਬ ਨੇ, ਹਕੀਮ ਜੀ ਅਚਾਨਕ ਆ ਗਏ ਨੇ। ਹਕੀਮ ਜੀ, ਜੈ ਰਾਮ ਜੀ ਕੀ।

ਹਕੀਮ : ਜੈ ਰਾਮ ਕੀ।

ਬਾਵਾ : ਹਕੀਮ ਜੀ, ਇਸ ਗਰੀਬ ਖੇਤ ਰਾਮ ਦਾ ਕਸ਼ਟ ਕੱਟੋ, ਇਹਦੇ ਪੁੱਤਰ ਨੂੰ ਚੇਚਕ ਦੀ ਬਿਮਾਰੀ ਨੇ ਕੋਹ ਸੁੱਟਿਐ।

ਖੇਤ ਰਾਮ : (ਹਕੀਮ ਅੱਗੇ ਹੱਥ ਜੋੜਦਾ ਹੋਇਆ) ਹਕੀਮ ਜੀ, ਆਇਓ ਜਰਾ ਇਧਰ, ਮੇਰਾ ਘੁੱਦਾ... ਵੇਖਿਓ ਕੀ ਹਾਲ ਹੋ ਗਿਐ ਵਿਚਾਰੇ ਦਾ।

ਹਕੀਮ : ਐਸ ਵਕਤ ਮੇਰੇ ਪਾਸ ਵਿਹਲ ਨਹੀਂ।

ਖੇਤ ਰਾਮ : ਵਿਹਲ ਨਹੀਂ? ਨਾ ਨਾ... ਮੇਰਾ ਘੁੱਦਾ...

ਹਕੀਮ : ਸਾਰੇ ਲੋਕ ਤੇਰੇ ਵਾਂਗ ਰੋਂਦੇ ਪਏ ਨੇ। ਕਿਹਨੂੰ ਕਿਹਨੂੰ ਦਵਾਈ ਦੇਵਾਂ। ਚਾਰ ਚੁਫੇਰੇ ਹਾਹਾਕਾਰ ਮੱਚੀ ਪਈ ਏ।

ਖੇਤ ਰਾਮ : ਰੱਬ ਤੁਹਾਡਾ ਭਲਾ ਕਰੇ, ਇੱਕ ਵਾਰ ਮੇਰੇ ਘੁੱਦੇ ਨੂੰ ਵੇਖੋ ਹਕੀਮ ਜੀ।

ਹਕੀਮ : ਮੈਂ ਸ਼ਾਮ ਨੂੰ ਆਵਾਂਗਾ।

ਖੇਤ ਰਾਮ.. ਸ਼ਾਮ ਨੂੰ? ਸ਼ਾਮਾਂ ਤੱਕ ਪਤਾ ਨਹੀਂ ਕੋਈ ਭਾਣਾ ਨਾ ਵਰਤ ਜਾਏ। ਸ਼ਾਮ ਬੜੀ ਦੂਰ ਏ...

ਬਾਵਾ : ਹਕੀਮ ਜੀ, ਗਰੀਬ ਤੇ ਰਹਿਮ ਕਰੋ। ਗਰੀਬ ਦੀ ਅਸੀਸ ਜ਼ਰੂਰ ਲੱਗੇਗੀ ਤੁਹਾਨੂੰ।

ਹਕੀਮ : ਕਹਿ ਜੁ ਦਿੱਤੈ ਸ਼ਾਮਾਂ ਨੂੰ ਪੱਕਾ ਆਵਾਂਗਾ।

ਖੇਤ ਰਾਮ : ਕਿਤੇ ਸ਼ਾਮ ਤੱਕ ਖੇਤ ਚੁੱਗ ਨਾ ਜਾਏ ਚਿੱੜੀ...

ਬਾਵਾ : ਫਿਰ ਕੀ ਫਾਇਦਾ ਹੋਏਗਾ ਆਉਣ ਦਾ?

ਹਕੀਮ : ਕੁੱਝ ਨਹੀਂ ਹੁੰਦਾ।

ਖੇਤ ਰਾਮ : (ਹਕੀਮ ਦੇ ਪੈਰੀਂ ਪੈਂਦਾ ਹੋਇਆ) ਤੁਸੀਂ ਸਾਡੇ ਲਈ ਰੱਬ ਹੋ ਰੱਬ। ਸਾਡੇ ਤੇ ਕਿਰਪਾ ਕਰੋ, ਸਾਰੀ ਉਮਰ ਤੁਹਾਡਾ ਪਾਣੀ ਭਰਾਂਗਾ।

ਹਕੀਮ : ਪਰ ਮੈਂ ਇਸ ਵਕਤ ਕਿਰਪਾ ਸ਼ਾਹ ਦੇ ਘਰ ਵੱਲ ਜਾ ਰਿਹਾਂ।

ਬਾਵਾ : ਕਿਰਪਾ ਸ਼ਾਹ ਦੇ ਘਰ ਸੁੱਖ ਨਾਲ ਚੱਲੇ ਹੋ?

ਹਕੀਮ : ਕਿਸੇ ਘਰ ਸੁੱਖ ਹੋਵੇ, ਸਾਨੂੰ ਕੌਣ ਯਾਦ ਕਰਦੈ? ਉਹਦੇ ਘਰ ਵੀ

ਇਹੋ ਕਲੇਸ਼ ਪਿਐ?

ਖੇਤ ਰਾਮ : (ਹਕੀਮ ਦਾ ਰਾਹ ਰੋਕਦਾ ਹੋਇਆ) ਮੈਂ ਤੈਨੂੰ ਉਹਦੇ ਘਰ ਨਹੀਂ ਜਾਣ ਦੇਵਾਂਗਾ।

ਹਕੀਮ : (ਰੋਅਬ ਨਾਲ) ਮੇਰਾ ਰਾਹ ਨਾ ਰੋਕ।

ਖੇਤ ਰਾਮ : ਰੋਕਾਂਗਾ।

ਹਕੀਮ : ਮੇਰਾ ਵਕਤ ਬਰਬਾਦ ਕਰ ਰਿਹੈਂ।

ਖੇਤ ਰਾਮ : ਨਹੀਂ ਕਰਦਾ, ਬਸ ਤੁਸੀਂ ਮੇਰੇ ਘੁੱਦੇ ਨੂੰ ਦਵਾਈ ਦੇ ਦਿਓ।

ਹਕੀਮ : ਆਹ ਦਵਾਈ ਤਾਂ ਕਿਰਪਾ ਸ਼ਾਹ ਹੋਰਾਂ ਲਈ ਏ। ਤੈਨੂੰ ਤਾਂ ਪਤੈ ਵੱਡੇ ਬੰਦਿਆਂ ਤੋਂ ਮੁੱਖ ਮੋੜੀਏ ਤਾਂ ਅਗਲੇ ਭੁਗਤ ਸੰਵਾਰ ਦਿੰਦੇ ਨੇ।

ਖੇਤ ਰਾਮ : ਆਹੋ ਡਾਢੇ ਦਾ ਸੱਤੀਂ ਵੀਹੀਂ ਸੌ। ਧਨਾਢ ਬੰਦੇ ਮਾੜਾ ਜਿਹਾ ਸੁਨੇਹਾ ਘੱਲਣ, ਤੁਸੀਂ ਮੂੰਹ ਚੁੱਕ ਕੇ ਦੌੜ ਪੈਂਦੇ ਹੋ ਉਧਰ।

ਹਕੀਮ : ਦਵਾਈਆਂ ਕੋਈ ਸਸਤੀਆਂ ਨਹੀਂ। ਵੱਡੇ ਲੋਕ ਈ ਦਵਾਈ ਦੀ ਰਕਮ ਦੇ ਸਕਦੇ ਨੇ। ਤੇਰੇ ਜਿਹਿਆਂ ਤੋਂ ਮਿਲਣਾ ਕੀ ਏ? ਜੂੰਆਂ?

ਖੇਤ ਰਾਮ : ਵਿਖਾ ਦਿੱਤੀ ਨਾ ਆਪਣੀ ਔਕਾਤ! (ਬਾਂਹ ਤੋਂ ਫੜਦਾ ਹੋਇਆ) ਮੈਂ ਤੈਨੂੰ ਨਹੀਂ ਛਡਾਂਗਾ।

ਹਕੀਮ : (ਘੂਰਦੇ ਹੋਏ) ਕਿਰਪਾ ਸ਼ਾਹ ਦੇ ਬੰਦੇ ਮੇਰੇ ਵੱਲ ਆਉਂਦੇ ਈ ਹੋਣੇ ਨੇ। ਇੱਕ ਪਲ ਨਹੀਂ ਤੂੰ ਕੱਢਣਾ ਉਨ੍ਹਾਂ ਸਾਹਮਣੇ। ਮੇਰਾ ਰਾਹ ਛੱਡ ਦੇ ਨਹੀਂ ਤਾਂ...

ਖੇਤ ਰਾਮ : ਨਹੀਂ ਤਾਂ ਕੀ ਹੋ ਜਾਏਗਾ?

ਹਕੀਮ : ਜਾਤ ਦੀ ਕੋਹੜ ਕਿਰਲੀ ਤੇ ਸ਼ਤੀਰਾਂ ਨੂੰ ਜੱਫੇ। ਛੱਡ ਦੇ ਰਾਹ...

ਜੀਵੀ : ਛੱਡ ਦੇ ਰਾਹ... ਇਨਸਾਨੀਅਤ ਮਰ ਗਈ ਏ।

(ਹਕੀਮ ਚਲਾ ਜਾਂਦਾ ਹੈ)

ਪਿੱਛੋਂ ਗੀਤ ਦੀ ਆਵਾਜ਼ : ਜੂਨ ਪੂਰੀ ਕਰਨ ਆਏ ਮਾਇਆ ਦੀ ਹੈ ਤੋਟ ਕੱਖਾਂ ਵਾਂਗ ਰੁਲ ਗਏ ਨੇ, ਸਿੱਕਿਆਂ ਲਾਈ ਚੋਟ ਵੇ ਲੋਕੋ!

ਖੇਤ ਰਾਮ : ਹਕੀਮਾ, ਤੇਰਾ ਬਹਿ ਜਾਏ ਭੱਠਾ। ਮੈਂ ਤਾਂ ਕਹਿਣਾਂ ਜਿੰਨੇ ਲੋਕ ਬਿਮਾਰੀ ਕਰਕੇ ਮੰਜਿਆਂ ਤੇ ਪਏ ਨੇ, ਰਾਜੀ ਹੋ ਕੇ ਉੱਠ ਪੈਣ ਤੇ... ਤੇਰੇ ਜਿਹੇ ਹਕੀਮਾਂ ਨੂੰ ਰੱਬ ਮੰਜੇ ਤੇ ਪਾ ਦੇਵੇ।

ਬਾਵਾ : ਸਭ ਮਾਇਆਧਾਰੀ ਹੋ ਗਏ ਨੇ। ਹਕੀਮ ਕਲੰਕ ਹੋ ਗਏ ਕਲੰਕ।

ਖੇਤ ਰਾਮ : ਕੱਲ੍ਹ ਇੱਕ ਹਕੀਮ ਕੋਲ ਗਿਆ। ਬਥੇਰੇ ਤਰਲੇ ਕੀਤੇ, ਹੱਥ ਪੈਰ ਜੋੜੇ



ਕਿ ਸਾਡੀ ਮਦਦ ਕਰੋ। ਅੱਗੋਂ ਕਹਿੰਦੈ–ਹਿਮਾਲੀਆ ਪਰਬਤ ਤੇ ਜਾ ਤੇ ਫਲਾਣੀ ਫਲਾਣੀ ਬੂਟੀ ਲੈ ਕੇ ਆ। ਉਸ ਬਾਂਦਰ ਨੂੰ ਬੰਦਾ ਪੁੱਛੇ ਮੈਂ ਕੋਈ ਹਨੂੰਮਾਨ ਹਾਂ ਜਿਹੜਾ ਉੱਡ ਕੇ ਹਿਮਾਲੀਆ ਪਰਬਤ ਪਹੁੰਚ ਜਾਵਾਂਗਾ। ਨਾਲੇ ਮੈਨੂੰ ਕਿਹੜਾ ਪਛਾਣ ਏ ਇਨ੍ਹਾਂ ਬੂਟੀਆਂ ਦੀ।

ਬਾਵਾ : ਹਿਕਮਤ ਗਿਰ ਗਈ ਏ। ਹਕੀਮਾਂ ਨੇ ਘਰਾਂ ਅੱਗੇ ਫੱਟੇ ਲਾਏ ਹੋਏ ਨੇ। ਕਿਸੇ ਨੇ ਲਿਖਿਐ ਸੌ ਸਾਲਾ ਖਾਨਦਾਨੀ ਦਵਾ ਖਾਨਾ, ਕਿਸੇ ਦੋ ਸੌ ਸਾਲ ਦਾ ਤਜਰਬਾ ਲਿਖਿਐ। ਇਨ੍ਹਾਂ ਆਮ ਲੋਕਾਂ ਨੂੰ ਨਾ ਪੜ੍ਹਾਇਆ ਕਿ ਫਲਾਣੀ ਦਵਾਈ ਕਿਵੇਂ ਬਣਦੀ ਏ। ਸਾਰੇ ਨੁਸਖੇ ਆਪਣੇ ਕੋਲ ਈ ਸਾਂਭੀ ਰੱਖੇ ਇਨ੍ਹਾਂ ਲੋਕਾਂ ਨੇ।

ਖੇਤ ਰਾਮ : ਜੇ ਆਹ ਲੋਕ ਨੁਸਖੇ ਵੰਡ ਦੇਣ ਤਾਂ ਆਪ ਭੁੱਖੇ ਨਾ ਮਰ ਜਾਣ। ਇਨ੍ਹਾਂ ਦਾ ਨਾ ਕੋਈ ਦੀਨ ਰਿਹੈ, ਨਾ ਕੋਈ ਧਰਮ, ਮਰ ਜਾਓ ਖਾ ਕੇ ਸ਼ਰਮ।

ਬਾਵਾ : ਦਿੱਲੀ ਵਿੱਚ ਕੋਈ ਬਿਮਾਰੀ ਪਏ ਸਹੀ, ਇਨ੍ਹਾਂ ਹਕੀਮਾਂ ਦੇ ਮੂੰਹ ਤੇ ਲਾਲੀਆਂ ਆ ਜਾਂਦੀਆਂ ਨੇ। ਬਿਮਾਰੀ ਲੋਕਾਂ ਦੇ ਘਰ ਖਾਲੀ ਕਰ ਦਿੰਦੀ ਏ ਤੇ ਹਕੀਮਾਂ ਦਾ ਘਰ ਮਾਲੋ ਮਾਲ ਹੋ ਜਾਂਦੈ।

ਖੇਤ ਰਾਮ : ਹੁਣ ਤੂੰ ਈ ਦੱਸ ਮੈਂ ਰੋਵਾਂ ਨਾ ਤਾਂ ਹੋਰ ਕੀ ਕਰਾਂ? ਇਹ ਹਕੀਮ ਕਹਿ ਤਾਂ ਗਿਐ ਮੈਂ ਸ਼ਾਮਾਂ ਨੂੰ ਆਵਾਂਗਾ ਪਰ...

ਜੀਵੀ : ਉਹ ਸ਼ਾਮਾਂ ਕਦੇ ਨਹੀਂ ਆਉਣਗੀਆਂ। ਬਿਮਾਰੀ ਅੱਗੇ ਸਾਡਾ ਕੋਈ ਜੋਰ ਨਹੀਂ ਚਲਦਾ। ਅਸੀਂ ਹਾਰ ਗਏ ਆਂ... ਅਸੀਂ ਹਾਰ ਗਏ...

ਖੇਤ ਰਾਮ : ਪਰ ਮੈਂ ਆਪਣੇ ਘੁੱਦੇ ਤੋਂ ਬਿਨਾਂ ਨਹੀਂ ਰਹਿ ਸਕਦਾ। ਮੇਰੇ ਘੁੱਦੇ ਨੂੰ ਕੁੱਝ ਹੋਵੇ ਸਹੀ, ਮੈਂ ਇਸ ਹਕੀਮ ਦੀ ਗਰਦਨ ਮਰੋੜ ਦਿਆਂਗਾ।

ਬਾਵਾ : ਹੌਂਸਲਾ ਰੱਖ ਖੇਤ ਰਾਮਾ।

ਜੀਵੀ : ਹੌਂਸਲਾ? ਨਹੀਂ ਰੱਖਣ ਹੁੰਦਾ ਹੌਂਸਲਾ ਭਲਿਆ ਲੋਕਾ... ਸਾਡਾ ਇੱਕੋ ਇੱਕ ਪੁੱਤਰ ਹੱਥੋਂ ਨਿਕਲ ਜਾਵੇ... ਤੇ ਅਸੀਂ ਕੁੱਝ ਵੀ ਨਾ ਕਰ ਸਕੀਏ (ਰੋ ਪੈਂਦੀ ਹੈ)

ਬਾਵਾ : ਅਸੀਂ ਦਿਨ ਰਾਤ ਕਿਰਤ ਕਰਦੇ ਰਹੇ, ਭੁੱਖੇ ਸੌਂਦੇ ਰਹੇ... ਹੌਂਸਲਾ ਰੱਖ ਵਕਤ ਟਪਾਈ ਜਾਂਦੇ ਰਹੇ ਪਰ... ਹੁਣ ਆਹ ਵਕਤ... (ਫੁੱਟ ਫੁੱਟ ਕੇ ਰੋਂਦਾ ਹੈ)

ਪਿੱਛੋਂ ਆਵਾਜ਼ : ਦਿੱਲੀ ਵਾਸੀਓ! ਸੁਣੋ, ਸੁਣੋ, ਸੁਣੋ! ਆਹ ਮੁਸ਼ਕਲ ਘੜੀ ਵਿੱਚ

ਗਰੀਬਾਂ, ਬੇਸਹਾਰਿਆਂ ਲਈ ਗੁਰੂ ਨਾਨਕ ਦੇਵ ਜੀ ਦੀ ਅਠਵੀਂ ਜੋਤ, ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਰੱਬ ਬਣ ਕੇ ਪਹੁੰਚੇ ਨੇ। ਗਰੀਬਾਂ, ਨਿਆਸਰਿਆਂ ਦੀ ਉਹ ਤਨ, ਮਨ ਨਾਲ ਅਣਥੱਕ ਸੇਵਾ ਕਰ ਰਹੇ ਨੇ। ਮੁਫਤ ਦਵਾਈਆਂ ਵੀ ਦੇ ਰਹੇ ਨੇ।

ਜੀਵੀ : (ਖੁਸ਼ੀ ਵਿੱਚ) ਆਹ ਸੁਣਿਐ?

ਖੇਤ ਰਾਮ : (ਹੈਰਾਨੀ ਵਿੱਚ) ਸੁਣਿਆ ਤਾਂ ਹੈ... ਪਰ... ਪਰ ਯਕੀਨ ਨਹੀਂ ਆ ਰਿਹਾ ਇਨ੍ਹਾਂ ਕੰਨਾਂ ਤੇ।

ਜੀਵੀ : ਯਕੀਨ ਕਰ ਆਪਣੇ ਕੰਨਾਂ ਤੇ। ਕੋਈ ਰੱਬ ਦਾ ਪਿਆਰਾ ਬਹੁੜਿਆ ਲਗਦੈ।

ਬਾਵਾ : ਗੁਰੂ ਨਾਨਕ ਸਾਹਿਬ ਦੀ ਅਠਵੀਂ ਜੋਤ ਤਾਂ ਖੁਦ ਰੱਬ ਏ। ਇਸ ਗੰਦੇ ਸ਼ਹਿਰ ਵਿੱਚ ਰੱਬ ਆ ਗਿਐ, ਜਿਥੇ ਬੰਦੇ ਨੂੰ ਬੰਦਾ ਸਮਝਦਾ ਕੀ ਏ। ਉਸ ਰੱਬੀ ਨੂਰ ਗੁਰੂ ਹਰਕ੍ਰਿਸ਼ਨ ਜੀ ਦੇ ਨੂਰ ਦੀਆਂ ਕਿਰਨਾਂ ਇਸ ਧਰਤੀ ਤੇ ਪਈਆਂ ਨੇ ਜਿਥੇ ਜਾਬਰਾਂ ਨੇ ਸਦਾ ਗਰੀਬਾਂ ਨੂੰ ਕੋਹ ਕੋਹ ਕੇ ਮਾਰਿਆ ਏ। ਬਹੁਤ ਖੂਨ ਡੁਲਿਐ ਇਸ ਧਰਤੀ ਤੇ... ਇੱਥੋਂ ਦੀਆਂ ਔਰਤਾਂ ਨੂੰ ਹਮਲਾਵਰ ਚੁੱਕ ਕੇ ਗਜਨੀ ਦੀ ਮੰਡੀ ਵਿੱਚ ਟਕੇ ਟਕੇ ਵਿੱਚ ਵੇਚਦੇ ਰਹੇ ਨੇ। ਬਾਲ ਗੁਰੂ ਜੀ ਦੇ ਆਉਣ ਤੇ ਦਿੱਲੀ ਵਿੱਚ ਗਰੀਬਾਂ ਦੀ ਜ਼ਰੂਰ ਸਾਰ ਲਈ ਜਾਏਗੀ।

ਖੇਤ ਰਾਮ : ਧੰਨ ਧੰਨ ਗੁਰੂ ਨਾਨਕ ਪਾਤਸ਼ਾਹ... ਧੰਨ ਧੰਨ ਗੁਰੂ ਹਰ ਕ੍ਰਿਸ਼ਨ ਜੀ...

ਬਾਵਾ : ਖੇਤ ਰਾਮ, ਤੂੰ ਲੈ ਜਾ ਫਟਾ ਫਟ ਆਪਣੇ ਪੁੱਤਰ ਨੂੰ ... ਤੇਰੀ ਜ਼ਿੰਦਗੀ ਕਾਲੀ ਬੋਲੀ ਰਾਤ ਸੀ, ਇਹਦੇ ਵਿੱਚ ਚਾਨਣ ਦਾ ਛੱਟਾ ਵੱਜਣ ਈ ਵਾਲਾ ਏ।

ਖੇਤ ਰਾਮ : ਚੱਲੋ ਜੀ, ਆਸ ਬੱਝੀ ਏ। ਡੁੱਬਦੇ ਨੂੰ ਸਹਾਰਾ ਮਿਲ ਗਿਐ ਜਾਪਦਾ।

ਜੀਵੀ : ਹਾਂ ਹਾਂ, ਮੇਰਾ ਹਿਰਦਾ ਠਰ ਗਿਐ ਗੁਰੂ ਜੀ ਦਾ ਨਾਂ ਸੁਣ ਕੇ।

(ਖੇਤ ਰਾਮ ਅਤੇ ਜੀਵੀ ਜਾਂਦੇ ਹਨ)

ਆਵਾਜ਼ : ਚੇਚਕ ਤੇ ਹੈਜੇ ਨੇ ਆਮ ਲੋਕਾਂ ਦਾ ਜੀਣਾ ਔਖਾ ਕਰ ਛੱਡਿਆ ਸੀ। ਲੋਕ ਮੌਤ ਦੇ ਮੂੰਹ ਵਿੱਚ ਜਾ ਰਹੇ ਸਨ ਤਾਂ ਬਾਲ ਗੁਰੂ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦਿਨ ਰਾਤ ਇੱਕ ਕਰਕੇ ਰੋਗੀਆਂ ਦੀ ਸੇਵਾ ਕਰਦੇ ਨੇ। ਕੋਈ ਦੁਖੀਆ ਉਨ੍ਹਾਂ ਦੇ ਦਵਾਰੇ ਚਲਾ ਜਾਵੇ, ਕਦੇ ਨਿਰਾਸ਼



ਹੋ ਕੇ ਵਾਪਸ ਨਹੀਂ ਮੁੜਦਾ।

ਬਾਵਾ : ਧੰਨ ਏ ਗੁਰੂ ਤੇ ਧੰਨ ਏ ਉਹਦੀ ਕਰਨੀ। ਮਾਨਵਤਾ ਦੀ ਸੇਵਾ ਵਿੱਚੋਂ ਹੀ ਸਿੱਖ ਧਰਮ ਦਾ ਜਨਮ ਹੋਇਆ ਹੈ। ਮਾਨਵਤਾ ਦੇ ਸੇਵਾ ਵਿੱਚ ਹੀ ਰੱਬ ਦੀ ਹੋਂਦ ਮਹਿਸੂਸ ਹੁੰਦੀ ਏ। ਮੇਰਾ ਦਿਲ ਕਰਦੈ ਕਿ ਮੈਂ ਵੀ ਸੱਚੇ ਪਾਤਸ਼ਾਹ ਦੇ ਦਰਸ਼ਨ ਦੀਦਾਰੇ ਕਰਾਂ ਤੇ ਆਪਣੇ ਜੀਵਨ ਨੂੰ ਸਫ਼ਲ ਕਰਾਂ।

(ਖੇਤ ਰਾਮ ਆਉਂਦਾ ਹੈ)

ਕਿਵੇਂ ਖੇਤ ਰਾਮਾ?

ਖੇਤ ਰਾਮ : ਜੀਵੀ ਬੈਠੀ ਏ ਘੁੱਦੇ ਕੋਲ, ਰਸਤੇ ਵਿੱਚ ਬੜੇ ਲੋਕ ਟੱਕਰੇ ਜੋ ਗੁਰੂ ਮਹਾਰਾਜ ਦੀ ਮਹਿਮਾ ਗਾ ਰਹੇ ਸਨ। ਗੁਰੂ ਜੀ ਦੇ ਸਿੱਖ ਰੋਗੀਆਂ ਨੂੰ ਖਿੜੇ ਮੱਥੇ ਮਿਲ ਕੇ ਦਵਾ ਦਾਰੂ ਕਰ ਰਹੇ ਨੇ। ਉਹ ਤਾਂ ਕਿਸੇ ਕੋਲੋਂ ਦਵਾਈ ਦੀ ਰਕਮ ਮੰਗਦੇ ਹੀ ਨਹੀਂ। ਕੋਈ ਆਪਣੇ ਆਪ ਤਿਲ ਫੁੱਲ ਭੇਟਾ ਕਰ ਦੇਵੇ ਤਾਂ ਵੱਖਰੀ ਗੱਲ ਏ।

ਬਾਵਾ : ਹਾਂ ਉਨ੍ਹਾਂ ਦਾ ਮਾਇਆ ਨਾਲ ਮੋਹ ਨਹੀਂ। ਉਨ੍ਹਾਂ ਦਾ ਜ਼ਿੰਦਗੀ ਜੀਣ ਦਾ ਢੰਗ ਹੀ ਬੜਾ ਨਿਰਾਲਾ ਏ। ਇਹੋ ਜਿਹੇ ਫਰਿਸ਼ਤੇ ਧਰਤੀ ਨੂੰ ਸਵਰਗ ਬਣਾ ਦਿੰਦੇ ਨੇ।

ਆਵਾਜ਼ : ਸਤਿਨਾਮ ਵਾਹਿਗੁਰੂ। ਵਿੱਚ ਕਰਤਾ ਪੁਰਖ ਖਲੋਆ ਵਾਲ ਨਾ ਵਿੰਗਾ ਹੋਆ।

ਖੇਤ ਰਾਮ : ਇਹ ਤਾਂ ਜੀਵੀ ਦੀ ਵਾਜ ਏ।

ਬਾਵਾ : ਸਮਝ ਲੈ ਤੇਰੀ ਚਰਾਸੀ ਕੱਟੀ ਗਈ।

ਖੇਤ ਰਾਮ : ਹਾਂ ਹਾਂ, ਮੇਰੇ ਘੁੱਦੇ ਨੂੰ ਨਵਾਂ ਜੀਵਨ ਮਿਲ ਗਿਆ ਜਾਪਦੈ। ਮੇਰਾ ਮਨ ਖੁਸ਼ੀ ਨਾਲ ਨੱਚਦਾ ਪਿਐ।

(ਜੀਵੀ ਆਉਂਦੀ ਹੈ)

ਬਾਵਾ : ਕੀ ਹਾਲ ਏ ਘੁੱਦੇ ਦਾ?

ਜੀਵੀ : ਘੁੱਦਾ ਰਾਜੀ ਹੋ ਰਿਹੈ ਗੁਰੂ ਜੀ ਦੀ ਕਿਰਪਾ ਨਾਲ ਪਰ ਖੁਦ ਗੁਰੂ ਜੀ... (ਰੋ ਪੈਂਦੀ ਹੈ)

ਬਾਵਾ : ਕੀ ਹੋਇਐ ਸੱਚ ਦੇ ਸੂਰਜ ਨੂੰ ?

ਜੀਵੀ : ਬਾਲ ਗੁਰੂ ਜੀ ਤੇ ਚੇਚਕ ਦਾ ਹਮਲਾ...

ਖੇਤ ਰਾਮ : ਫਿਰ?

ਜੀਵੀ : ਗੁਰੂ ਮਹਾਰਾਜ ਸਵਰਗ ਸਿਧਾਰ ਗਏ। ਆਖਰੀ ਵਕਤ ਦੋ ਸ਼ਬਦ ਬੋਲੇ- ਬਾਬਾ ਬਕਾਲਾ।

ਬਾਵਾ : ਬਾਬਾ ਬਕਾਲਾ ਦਾ ਮਤਲਬ?

ਜੀਵੀ : ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ ਤੁਹਾਡਾ ਵਾਰਸ ਕੌਣ ਹੋਵੇਗਾ ਤਾਂ ਗੁਰੂ ਜੀ ਨੇ ਇੰਨਾ ਹੀ ਕਿਹਾ -ਬਾਬਾ ਬਕਾਲਾ

ਬਾਵਾ : ਬਾਬਾ ਬਕਾਲਾ? ਬੁਝਾਰਤ ਜਿਹੀ ਜਾਪਦੇ ਨੇ ਇਹ ਬੋਲ।

ਖੇਤ ਰਾਮ : ਬਾਵਾ ਜੀ, ਤੂੰ ਬੁੱਝ ਸਕਦੈਂ ਬੁਝਾਰਤ। ਨਾਲੇ ਤੂੰ ਕਿੰਨੇ ਗਰੰਥ ਪੜ੍ਹ ਛੱਡੇ ਨੇ।

ਬਾਵਾ : ਸੋਚ ਰਿਹਾਂ...

ਜੀਵੀ : ਸਿੱਖ ਵੀ ਸੋਚਦੇ ਪਏ ਨੇ ਕੌਣ ਹੋਵੇਗਾ ਨੌਂਵਾਂ ਨਾਨਕ। ਹਰ ਕੋਈ ਆਪਣੀ ਅਕਲ ਦੇ ਘੋੜੇ ਦੁੜਾਈ ਜਾਂਦੈ।

ਬਾਵਾ : ਗੁਰੂ ਸਾਹਿਬ ਦੀਆਂ ਰਮਜਾਂ ਨੂੰ ਸਮਝਣਾ ਤਾਂ ਤਾਰੇ ਤੋੜਣ ਵਾਲੀ ਗੱਲ ਹੁੰਦੀ ਏ। (ਸੋਚਦਾ ਹੋਇਆ) ਹਾਂ ਖਿਆਲ ਆਇਐ ਪੰਜਾਬ ਵਿੱਚ ਅੰਬਰਸਰ ਦੇ ਨੇੜੇ ਪਿੰਡ ਬਕਾਲਾ ਏ। ਹੋ ਸਕਦੈ ਨੌਂਵਾਂ ਨਾਨਕ ਉਥੋਂ ਹੀ ਪ੍ਰਗਟ ਹੋਵੇ।

(ਮੱਖਣ ਸ਼ਾਹ ਲੁਬਾਣਾ ਆਉਂਦਾ ਹੈ, ਜਿਸ ਨੇ ਬਾਵਾ ਦੇ ਕੁੱਝ ਬੋਲ ਸੁਣ ਲਏ ਹਨ)

ਮੱਖਣ ਸ਼ਾਹ : ਤੂੰ ਨੌਂਵੇਂ ਨਾਨਕ ਦੀ ਗੱਲ ਕਰ ਰਿਹਾ ਸੀ?

ਬਾਵਾ : ਹਾਂ, ਪਰ ਤੂੰ ਕੌਣ ਏਂ?

ਮੱਖਣ ਸ਼ਾਹ : ਮੈਂ ਇੱਕ ਵਪਾਰੀ ਹਾਂ। ਮੇਰਾ ਨਾਂ ਮੱਖਣ ਸ਼ਾਹ ਲੁਬਾਣਾ ਏ। ਤੇਰਾ ਇਹ ਖਿਆਲ ਮੈਨੂੰ ਦਰੁੱਸਤ ਜਾਪਦੈ ਕਿ ਗੁਰੂ ਹਰ ਕ੍ਰਿਸ਼ਨ ਜੀ ਦਾ ਵਾਰਸ ਬਕਾਲੇ ਪਿੰਡ ਵਿੱਚ ਨਿਵਾਸ ਕਰਦਾ ਹੋਵੇਗਾ। ਮੇਰਾ ਗੁਰੂ ਮੈਨੂੰ ਜ਼ਰੂਰ ਦਰਸ਼ਨ ਦੇ ਕੇ ਨਿਹਾਲ ਕਰੇਗਾ।

ਜੀਵੀ : ਪਰ ਹਾਲੇ ਹਰ ਕੋਈ ਸ਼ਸ਼ੋਪੰਜ ਵਿੱਚ ਈ ਪਿਐ।

ਮੱਖਣ ਸ਼ਾਹ : ਪਰ ਇਹ ਧੁੰਦ ਜ਼ਿਆਦਾ ਵਕਤ ਨਹੀਂ ਰਹੇਗੀ। ਚਾਨਣ ਦੀ ਪਹਿਲੀ ਕਿਰਨ ਨਾਲ ਸਾਰਾ ਬ੍ਰਹਿਮੰਡ ਜਗਮਗ ਜਗਮਗ ਕਰੇਗਾ, ਇਹ ਮੇਰਾ ਪੱਕਾ ਵਿਸ਼ਵਾਸ ਏ।

ਬਾਵਾ : ਵਿਸ਼ਵਾਸ਼?

ਮੱਖਣ ਸ਼ਾਹ : ਹਾਂ, ਜੇ ਮੇਰਾ ਗੁਰੂ ਮੇਰਾ ਜਹਾਜ਼ ਬੰਨੇ ਲਾ ਸਕਦੈ ਤਾਂ ਉਹ ਦਰਸ਼ਨ ਦੇ



ਕੇ ਸੰਗਤਾਂ ਨੂੰ ਜ਼ਰੂਰ ਬੰਨੇ ਲਾ ਸਕਦੈ ਤਾਂ ਉਹ ਦਰਸ਼ਨ ਦੇ ਕੇ ਸੰਗਤਾਂ ਨੂੰ ਜ਼ਰੂਰ ਹਨੇਰੇ ਚੋਂ ਬਾਹਰ ਕੱਢੇਗਾ। ਮੈਂ ਆਪਣੇ ਕਾਫਲੇ ਨਾਲ ਬਕਾਲੇ ਦੀ ਧਰਤੀ ਵੱਲ ਜਾ ਰਿਹਾਂ। ਜੁ ਤੁਧ ਭਾਵੇ ਨਾਨਕਾ ਸਾਈ ਗੱਲ ਚੰਗੀ। (ਤੇਜ਼ ਤੇਜ਼ ਕਦਮ ਪੁੱਟਦਾ ਚਲਾ ਜਾਂਦਾ ਹੈ)

ਜੀਵੀ : ਕਿੰਨਾ ਵਿਸ਼ਵਾਸ ਗੁਰੂ ਜੀ ਤੇ ਉਸ ਰੱਬ ਦੇ ਪਿਆਰੇ ਨੂੰ!

ਬਾਵਾ : ਇਸੇ ਤਰ੍ਹਾਂ ਦਾ ਵਿਸ਼ਵਾਸ ਹੀ ਬੇੜੇ ਬੰਨੇ ਲਾ ਸਕਦੈ। ਇਹ ਲੋਕ ਬੜੇ ਸਿਰੜੀ ਨੇ, ਮਿਹਨਤੀ ਨੇ, ਧੁਨ ਦੇ ਪੱਕੇ ਨੇ ਪਰ ਦਿਲ ਦੇ ਸੱਚੇ ਨੇ।

ਜੀਵੀ : ਕੌਣ ਨੇ ਇਕ ਲੋਕ?

ਬਾਵਾ : ਲੁਬਾਣੇ। ਇਹ ਵਪਾਰੀ ਲੋਕ ਕਾਫਲਿਆਂ ਵਿੱਚ ਚਲਦੇ ਚਲਦੇ ਢੋਆ-ਢੁਆਈ ਦਾ ਕੰਮ ਕਰਦੇ ਨੇ। ਦੂਰ ਦੁਰੇਡੇ ਦਾ ਸਫਰ ਤੈਅ ਕਰਦੇ ਕਰਦੇ ਜਦ ਰਾਤ ਪੈਂਦੀ ਏ ਤਾਂ ਇਹ ਤੰਬੂ ਗੱਡ ਕੇ ਰਾਤ ਗੁਜ਼ਾਰਦੇ ਨੇ। ਤੰਬੂ ਦੇ ਚਾਰੇ ਪਾਸੇ ਇਨ੍ਹਾਂ ਦੇ ਪਾਲਤੂ ਕੁੱਤੇ ਇਨ੍ਹਾਂ ਦੀ ਰੱਖਿਆ ਕਰਦੇ ਨੇ। ਮੁਸ਼ਕਲ ਦੀ ਘੜੀ 'ਚ ਦਿਲ ਨਹੀਂ ਛੱਡਦੇ, ਹਥਿਆਰ ਚਲਾਉਣ ਵਿੱਚ ਵੀ ਕਿਸੇ ਤੋਂ ਘੱਟ ਨਹੀਂ।

ਖੇਤ ਰਾਮ : ਇਹੋ ਜਿਹੇ ਬੰਦੇ ਜਿਸ ਗੁਰੂ ਦੇ ਸ਼ਰਧਾਲੂ ਹੋਣ, ਉਹ ਗੁਰੂ ਕਿੰਨਾ ਮਹਾਨ ਹੋਵੇਗਾ!

ਬਾਵਾ : ਮੈਂ ਵੀ ਕੱਲ੍ਹ ਸਵੇਰੇ ਬਕਾਲੇ ਵੱਲ ਚੱਲ ਪਵਾਂਗਾ। ਤੁਸੀਂ ਦੋਵੇਂ ਘੁੱਦੇ ਦਾ ਖਿਆਲ ਰੱਖੋ ਦਵਾ ਦਾਰੂ ਦੇਣ ਵੱਲੋਂ।

ਖੇਤ ਰਾਮ : ਗੁਰੂ ਮਹਾਰਾਜ ਦੇ ਪ੍ਰਗਟ ਹੋਣ ਤੇ ਵਾਪਸ ਆ ਕੇ ਦੱਸੀਂ ਸਾਰਾ ਹਾਲ।

ਬਾਵਾ : ਚੰਗਾ, ਸਤਿਨਾਮ।

ਖੇਤ ਰਾਮ : ਵਾਹਿਗੁਰੂ। (ਹਨੇਰਾ ਹੋ ਜਾਂਦਾ ਹੈ)

## ਦ੍ਰਿਸ਼ ਦੋ

ਸਥਾਨ : ਬਕਾਲੇ ਦੀ ਧਰਤੀ

ਪਿੱਛੋਂ ਆਵਾਜ਼ : ਲੋਕ ਵਹੀਰਾਂ ਘੱਤੀ ਪੰਜਾਬ ਦੇ ਪਿੰਡ ਬਕਾਲੇ ਵੱਲ ਚੱਲ ਪਏ। ਅਮੀਰ ਵਪਾਰੀ ਮੱਖਣ ਸ਼ਾਹ ਲੁਬਾਣਾ ਵੀ ਆਪਣੇ ਸਾਥੀਆਂ ਸਮੇਤ ਬਕਾਲੇ ਦੀ ਧਰਤੀ ਤੇ ਪਹੁੰਚ ਗਿਆ। ਪਰ ਲੋਕ ਉਥੇ ਆਪੇ ਬਣੇ ਗੁਰੂਆਂ ਦੀਆਂ 22 ਮੰਜੀਆਂ ਵੇਖ ਹੈਰਾਨ ਹੋ ਗਏ। ਸ਼ਸ਼ੋਪੰਜ ਵਿੱਚ ਪੈ ਗਏ ਕਿ ਇਨ੍ਹਾਂ ਵਿੱਚੋਂ ਅਸਲੀ ਗੁਰੂ ਕੌਣ ਹੋ ਸਕਦਾ ਹੈ।

(ਮੰਚ ਤੇ ਮੱਖਣ ਸ਼ਾਹ ਆਉਂਦਾ ਹੈ)

ਮੱਖਣ ਸ਼ਾਹ : ਇੰਨੇ ਗੁਰੂ? ਗੁਰੂਆਂ ਪਿੱਛੇ ਇੰਨੇ ਚੇਲੇ? ਇੰਜ ਮੰਡੀਆਂ ਵਿੱਚ ਸ਼ੋਰ ਸ਼ਰਾਬਾ ਹੁੰਦੈ। ਇਹ ਲੋਕ ਧਰਮੀ ਘੱਟ ਜਾਪਦੇ ਨੇ ਤੇ ਵਪਾਰੀ ਵੱਧ। ਭਾਵੇਂ ਮੈਂ ਵੀ ਇੱਕ ਵਪਾਰੀ ਹਾਂ ਪਰ ਇਹ ਤਾਂ...

(ਸਾਧ ਆਉਂਦਾ ਹੈ, ਜਿਸ ਨੇ ਮੱਖਣ ਸ਼ਾਹ ਦੀ ਗੱਲ ਸੁਣ ਲਈ ਹੈ)

ਸਾਧ : ਇੱਥੇ ਨਾਮ ਦਾ ਵਪਾਰੀ ਆਇਆ<br>ਧੋਖਾ ਨਾ ਖਾਈਂ ਬੰਦਿਆ।<br>ਇਸ ਧਰਤ ਨੂੰ ਸਵਰਗ ਬਣਾਇਆ<br>ਧੋਖਾ ਨਾ ਖਾਈਂ ਬੰਦਿਆ।

ਮੱਖਣ ਸ਼ਾਹ: ਹਰ ਕੋਈ ਇੰਜ ਈ ਬੋਲਦੈ।

ਸਾਧ : ਮੇਰਾ ਸੱਚਾ ਸਤਿਗੁਰ ਆਇਆ<br>ਭੇਖੀਆਂ ਨੂੰ ਪਈਆਂ ਭਾਜੜਾਂ।<br>ਜਿਸ ਬਦਲੀ ਬਕਾਲੇ ਦੀ ਕਾਇਆ<br>ਭੇਖੀਆਂ ਨੂੰ ਪਈਆਂ ਭਾਜੜਾਂ।

ਮੱਖਣ ਸ਼ਾਹ : ਇਨ੍ਹਾਂ ਭੇਖਾਂ ਦੀ ਘੁੰਮਣਘੇਰੀ ਨੇ ਮੇਰੀ ਚਿੰਤਾ ਵਧਾ ਦਿੱਤੀ ਏ। ਹੇ ਵਾਹਿਗੁਰੂ! ਤੂੰ ਇਸ ਹਨੇਰੇ ਨੂੰ ਹਟਾ ਤੇ ਚਾਨਣ ਦੀ ਛਹਿਬਰ ਲਾ।

ਸਾਧ : ਕਈ ਤਰ ਗਏ ਕਈਆਂ ਨੇ ਤਰ ਜਾਣਾ ਜਿਨ੍ਹਾਂ ਨੇ ਰੱਬੀ ਨੂਰ ਤੱਕਿਆ।

ਮੱਖਣ ਸ਼ਾਹ : ਤੂੰ ਕੀ ਕਹਿਣਾ ਚਾਹੁੰਦਾ ਏਂ? ਸਿੱਧੀ ਗੱਲ ਕਰ ਐਵੇਂ ਵਲ ਵਿੰਗ ਪਾ ਕੇ ਮੇਰੀ ਦੁਬਿਧਾ ਵਧਾ ਰਿਹੈਂ।

ਸਾਧ : ਤੇਰੀ ਦੁਬਿਧਾ ਦੂਰ ਕਰਨ ਵਾਸਤੇ ਪਰਮੇਸ਼ਰ ਨੇ ਬਕਾਲੇ ਦੀ ਧਰਤੀ ਤੇ ਮੇਰੇ ਸਤਿਗੁਰੂ ਨੂੰ ਭੇਜਿਆ ਏ। ਦੋ ਜਹਾਨ ਦਾ ਵਾਲੀ, ਲੱਖਾਂ ਦਾ ਦਾਤਾ ਧੰਨ ਧੰਨ ਗੁਰੂ ਧੀਰ ਮੱਲ ਜੀ। ਸੋਢੀ ਖਾਨਦਾਨ ਵਿੱਚੋਂ ਏ ਮੇਰਾ ਸੱਚਾ ਗੁਰੂ।

ਆਵਾਜ਼ : ਸਾਡੇ ਗੁਰਾਂ ਨੇ ਜਹਾਜ਼ ਬਣਾਇਆ, ਆ ਜਾਓ ਜਿਹਨਾਂ ਪਾਰ ਲੰਘਣਾ, ਬਈ ਆ ਜਾਓ...

ਮੱਖਣ ਸ਼ਾਹ : ਮੈਂ ਉਸ ਗੁਰੂ ਦੀ ਭਾਲ ਕਰ ਰਿਹਾਂ ਜਿਹਦੀ ਕਿਰਪਾ ਸਦਕਾ ਮੇਰਾ ਜਹਾਜ਼ ਪਾਰ ਲੰਘਿਆ ਸੀ।

ਸਾਧ : (ਉਤਸੁਕਤਾ ਨਾਲ) ਤੇਰਾ ਜਹਾਜ਼? ਗੁਰੂ ਦੇ ਸਿੱਖਾ, ਤੂੰ ਕਿਸ ਜਹਾਜ਼ ਦੀ ਗੱਲ ਕੀਤੀ ਏ?



ਮੱਖਣ ਸ਼ਾਹ : ਤੂੰ ਕੀ ਜਾਣੇਂ ਮੈਂ ਕਿਸ ਜਹਾਜ਼ ਦੀ ਗੱਲ ਕਰ ਰਿਹਾ।

ਸਾਧ : ਤੂੰ ਪਹਿਰਾਵੇ ਵੱਲੋਂ ਬੜਾ ਅਮੀਰ ਜਾਪਦੈਂ। ਹੋਰ ਵੀ ਅਮੀਰ ਹੋ ਜਾਵੇਂਗਾ ਜੇ ਤੇਰੇ ਤੇ ਮੇਰੇ ਸਤਿਗੁਰ ਸ੍ਰੀ ਧੀਰ ਮੱਲ ਦੀ ਕਿਰਪਾ ਹੋ ਗਈ। ਆ, ਮੇਰੇ ਨਾਲ ਚੱਲ। ਆਪਣੇ ਗੁਰੂ ਦੇ ਦਰਸ਼ਨ ਦੀਦਾਰ ਕਰਾਵਾਂ।

(ਮੱਖਣ ਸ਼ਾਹ ਦਾ ਹੱਥ ਫੜ ਲੈਂਦਾ ਹੈ)

ਮੱਖਣ ਸ਼ਾਹ : (ਹੱਥ ਛੁਡਾ ਕੇ) ਕਿਉਂ ਮੇਰੇ ਪਿੱਛੇ ਪਿਐਂ। ਤੂੰ ਬੰਦਾ ਏਂ ਕਿ ਛਲੇਡਾ? ਮੇਰਾ ਖਹਿੜਾ ਛੱਡ ਤੇ ਤਿੱਤਰ ਹੋ ਜਾ, ਨਹੀਂ ਤਾਂ ਤੈਨੂੰ ਖੜਕਾਵਾਂਗਾ।

(ਸਾਧ ਡਰ ਜਾਂਦਾ ਹੈ)

ਸਾਧ : (ਜਾਂਦਾ ਹੋਇਆ) ਤੇਰਾ ਘਰ ਬਾਹਰ, ਤੇਰਾ ਕੰਮ ਕਾਰ ਤਬਾਹ ਹੋ ਜਾਵੇਗਾ। ਤੂੰ ਰੱਬ ਦੇ ਬੰਦਿਆਂ ਦੀ ਬੇਜਤੀ ਕੀਤੀ ਏ, ਤੂੰ ਆਪਣਾ ਕੀਤਾ ਪਾਵੇਂਗਾ।

ਮੱਖਣ ਸ਼ਾਹ : ਤੂੰ ਆਪਣਾ ਕੀਤਾ ਪਾ ਈ ਰਿਹੈਂ... ਪਖੰਡੀ ਸਾਧ।

(ਬਾਵਾ ਆਉਂਦਾ ਹੈ)

ਭਲਿਆ ਲੋਕਾ! ਆ ਗਿਐਂ ਦਿੱਲੀ ਤੋਂ।

ਬਾਵਾ : ਹਾਂ... ਪਰ ਇਥੇ ਤਾਂ 22 ਹੱਟੀਆਂ ਖੁੱਲੀਆਂ ਹੋਈਆਂ ਨੇ। ਇਨ੍ਹਾਂ ਬਾਈ ਮਹਾਂਪੁਰਸ਼ਾਂ ਨੇ ਚੇਲੇ ਚਾਟੜੇ ਛੱਡੇ ਨੇ ਹੱਟੀ ਦੀ ਗਾਹਕੀ ਵਧਾਉਣ ਵਾਸਤੇ। ਧੀਰ ਮੱਲ ਸੋਢੀ ਨੇ ਤਾਂ ਗੁੰਡੇ ਬਦਮਾਸ਼ ਵੀ ਨਾਲ ਈ ਰੱਖੇ ਨੇ। ਸ਼ੀਂਹ ਡਾਕੂ ਉਹਦਾ ਖਾਸ ਬੰਦਾ ਏ।

ਮੱਖਣ ਸ਼ਾਹ : ਸ਼ੀਂਹ ਡਾਕੂ?

ਬਾਵਾ : ਹਾਂ, ਇਥੇ ਤਾਂ ਖੂਨ ਖਰਾਬਾ ਵੀ ਹੋ ਸਕਦੈ... ਮਨ ਵਿੱਚ ਕੀ ਸੋਚਿਆ ਸੀ ਦਿੱਲੀ ਤੋਂ ਤੁਰਨ ਵਕਤ... ਤੇ ਕੀ ਵੇਖ ਰਿਹਾਂ। ਲੋਕ ਭੇਡ ਚਾਲ ਚਲਦੇ 22 ਗੁਰੂਆਂ ਨੂੰ ਮੱਥਾ ਟੇਕੀ ਜਾਂਦੇ ਨੇ। ਕੋਈ ਚਿਮਟਾ ਖੜਕਾ ਕੇ ਗਾ ਰਿਹੈ, ਕੋਈ ਛੈਣੇ ਵਜਾ ਕੇ ਪੁੱਠੀਆਂ ਸਿੱਧੀਆਂ ਧਾਰਨਾਂ। ਗੁਰਬਾਣੀ ਤਾਂ ਕੋਈ ਨਹੀਂ ਗਾ ਰਿਹਾ।... ਸਿੱਖ ਧਰਮ ਵਾਸਤੇ ਇਹ ਘੜੀ ਬੜੇ ਸੰਕਟ ਦੀ ਘੜੀ ਏ।

ਮੱਖਣ ਸ਼ਾਹ : ਭਲਿਆ ਲੋਕ, ਤੂੰ ਅਰਦਾਸ ਕਰ ਕਿ ਇਹ ਸੰਕਟ ਸਮਾਪਤ ਹੋ ਜਾਵੇ ਤੇ ਮੈਂ ਅਸਲੀ ਗੁਰੂ ਨੂੰ ਲੱਭ ਸਕਾਂ।

ਬਾਵਾ : ਤੇਰੀਆਂ ਨਜ਼ਰਾਂ ਵਿਚਲੀ ਸਿਆਣਪ ਇੱਕ ਆਸ ਪੈਦਾ ਕਰਦੀ ਏ ਕਿ ਸੱਚਾ ਗੁਰੂ ਜ਼ਰੂਰ ਪ੍ਰਗਟ ਹੋਵੇਗਾ। ਆਹ ਆਪੇ ਬਣੇ ਗੁਰੂਆਂ ਨੇ

ਤਾਂ ਧੂਫਾਂ ਲਾਈਆਂ ਨੇ। ਬਾਬੇ ਨਾਨਕ ਨੇ ਕਿਹਾ ਸੀ ਕੁਦਰਤ ਵਿੱਚ ਆਰਤੀ ਸਦਾ ਹੋ ਰਹੀ ਹੁੰਦੀ ਏ ਤੇ ਆਹ ਸਾਧ ਥਾਲ ਫੜ ਕੇ ਆਰਤੀ ਉਤਾਰਦੇ ਪਏ ਨੇ।

ਮੱਖਣ ਸ਼ਾਹ : ਇਨ੍ਹਾਂ ਲੋਕਾਂ ਤੋਂ ਕੋਈ ਆਸ ਨਾ ਰੱਖੋ। ਮੈਨੂੰ ਕੋਈ ਜੁਗਤ ਲੱਭਣੀ ਹੀ ਪਵੇਗੀ। ਮੈਂ ਇਨ੍ਹਾਂ 22 ਧਰਮੀ ਲੋਕਾਂ ਦੇ ਦਰਸ਼ਨ ਕਰ ਹੀ ਲਵਾਂ। (ਜਾਂਦਾ ਹੈ)

ਬਾਵਾ : ਸਫਲਤਾ ਮਿਲੇ ਤੈਨੂੰ ਰੱਬ ਦਿਆ ਪਿਆਰਿਆ। ਰਹੀ ਗੱਲ ਸ਼ਰਧਾਲੂਆਂ ਦੀ, ਅੱਖਾਂ ਤੇ ਪੱਟੀ ਬੰਨੀ ਹੋਈ ਏ ਇਹਨਾਂ ਨੇ। ਇਨ੍ਹਾਂ ਲੋਕਾਂ ਨੇ ਬਨਾਰਸ ਵਿੱਚ ਭਗਤ ਕਬੀਰ ਨੂੰ ਪਾਗਲ ਕਹਿ ਦਿੱਤਾ ਸੀ। ਬਾਬੇ ਨਾਨਕ ਨੇ ਇਹਨਾਂ ਲੋਕਾਂ ਨੂੰ ਕਰਮ ਕਾਂਡਾਂ ਚੋਂ ਬਾਹਰ ਕੱਢਣਾ ਚਾਹਿਆ ਤਾਂ ਇਹਨਾਂ ਲੋਕਾਂ ਨੇ ਗੁਰੂ ਸਾਹਿਬ ਨੂੰ ਕੁਰਾਹੀਆ ਕਹਿ ਦਿੱਤਾ।

(ਇੱਕ ਕਿਸਾਨ ਆਉਂਦਾ ਹੈ)

ਵਾਹ ਲੋਕੋ! ਤੁਸੀਂ ਸਭ ਅੰਨੇ ਕਾਣੇ ਹੋ।

ਕਿਸਾਨ : ਲੋਕਾਂ ਨੂੰ ਅੰਨੇ ਕਾਣੇ ਕਹਿੰਦਾ ਏਂ। ਇਹਨਾਂ ਬਾਬਿਆਂ ਨੇ ਸਾਡੀਆਂ ਅੱਖਾਂ ਖੋਹਲ ਦਿੱਤੀਆਂ।

ਬਾਵਾ : ਉਹ ਕਿਵੇਂ?

ਕਿਸਾਨ : ਕੱਲੇ ਕੱਲੇ ਬਾਬੇ ਨੂੰ ਮੱਥਾ ਟੇਕਿਐ ਤੇ ਅਸੀਸਾਂ ਲਈਆਂ। ਬਕਾਲੇ 'ਚ ਰੌਣਕਾਂ ਲੱਗੀਆਂ ਨੇ ਰੋਣਕਾਂ। ਤੂੰ ਵੀ ਵੇਖ ਰੌਣਕ, ਮੇਲਾ ਲੱਗੈ ਮੇਲਾ।

ਬਾਵਾ : ਹਾਂ ਇਨ੍ਹਾਂ ਲੋਕਾਂ ਮੇਲਾ ਈ ਲਾਉਣਾ ਸੀ। ਮੈਂ ਵੀ ਵੇਖ ਲਵਾਂ।

(ਬਾਵਾ ਜਾਂਦਾ ਹੈ)

ਕਿਸਾਨ : (ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜਾ, ਜੱਟਾ ਤੇਰੀ ਜੂਨ ਬੁਰੀ। ਸ਼ਾਹੂਕਾਰ ਦਾ ਨਾ...

(ਮੱਖਣ ਸ਼ਾਹ ਆਉਂਦਾ ਹੈ)

ਮੱਖਣ ਸ਼ਾਹ : ਭਲਿਆ ਲੋਕਾ! ਤੂੰ ਕਿੱਥੇ ਦਾ ਰਹਿਣ ਵਾਲਾ ਏਂ?

ਕਿਸਾਨ : ਇਸੇ ਪਿੰਡ ਬਕਾਲੇ ਦਾ। ਪਰ ਗੱਲ ਕੀ ਏ?

ਮੱਖਣ ਸ਼ਾਹ : ਆਹ 22 ਸੰਤਾਂ ਤੋਂ ਬਿਨਾਂ ਇਸ ਪਿੰਡ ਵਿੱਚ ਕੋਈ ਹੋਰ ਵੀ ਸਾਧੂ ਸੰਤ ਰਹਿੰਦੇ ਨੇ?

ਕਿਸਾਨ : (ਸੋਚਦਾ ਹੋਇਆ) ਸਾਧੂ ਸੰਤ? ਆਹੋ ਆਹੋ, ਹੈ ਇੱਕ...



ਮੱਖਣ ਸ਼ਾਹ : ਕੌਣ ਨੇ ਉਹ?

ਕਿਸਾਨ : ਤੇਗ ਬਹਾਦਰ, ਛੇਵੀਂ ਪਾਤਸ਼ਾਹੀ ਗੁਰੂ ਹਰ ਗੋਬਿੰਦ ਦਾ ਪੁੱਤਰ। ਪਰ...

ਮੱਖਣ ਸ਼ਾਹ : ਪਰ ਕੀ?

ਕਿਸਾਨ : ਉਹ ਕਿਸੇ ਨੂੰ ਮਿਲਦੇ ਈ ਨਹੀਂ। ਕੱਲੇ ਬਹਿ ਕੇ ਅੰਦਰ ਰੱਬ ਦੀ ਭਗਤੀ ਕਰਦੇ ਰਹਿੰਦੇ ਨੇ

ਮੱਖਣ ਸ਼ਾਹ : ਮੈਨੂੰ ਉਹਨਾਂ ਦਾ ਟਿਕਾਣਾ ਦੱਸ...

ਕਿਸਾਨ : ਆ ਜਾ ਮੇਰੇ ਪਿੱਛੇ-ਪਿੱਛੇ, ਟਿਕਾਣੇ ਤੇ ਛੱਡ ਕੇ ਆਵਾਂਗਾ (ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜ਼ਾ, ਜੱਟਾ ਤੇਰੀ ਜੂਨ ਬੁਰੀ। (ਸਾਧ ਆਉਂਦਾ ਹੈ)

ਸਾਧ : (ਕਿਸਾਨ ਨੂੰ) ਓਏ ਭਗਤਾ, ਇਸ ਧਨਾਢ ਨੂੰ ਕਿੱਥੇ ਲੈ ਕੇ ਚੱਲਿਐਂ?

ਕਿਸਾਨ : ਬੱਸ ਇਥੇ ਹੀ। ਹੋਰ ਬਾਬਿਓ ਕੀ ਚਾਹੁੰਦੇ ਹੋ ਤੁਸੀਂ?

ਸਾਧ : ਇਹਨੂੰ ਸਤਿਗੁਰ ਧੀਰ ਮੱਲ ਕੋਲ ਲੈ ਜਾ। ਇਹਦੀ ਚੁਰਾਸੀ ਕੱਟੀ ਜਾਵੇਗੀ।

ਮੱਖਣ ਸ਼ਾਹ : ਵੇਖ ਆਇਆਂ ਤੇਰੇ ਧੀਰ ਮੱਲ ਨੂੰ। (ਕਿਸਾਨ ਨੂੰ) ਚੱਲ ਭਲਿਆ ਲੋਕਾ, ਆਪਾਂ ਤੇਗ ਬਹਾਦਰ ਵੱਲ ਚਲੀਏ।

ਸਾਧ : (ਭੜਕ ਕੇ) ਤੇਗ ਬਹਾਦਰ?

(ਮੱਖਣ ਸ਼ਾਹ ਅਤੇ ਕਿਸਾਨ ਉਸ ਦੀ ਗੱਲ ਅਣਸੁਣੀ ਕਰਕੇ ਚਲੇ ਜਾਂਦੇ ਹਨ)

ਬੜਾ ਮੀਣਾ ਬੰਦਾ ਜਾਪਦੈ ਇਹ ਧਨਾਢ ਬੰਦਾ। ਕਾਬੂ ਨਹੀਂ ਆਇਆ

(ਸ਼ੀਂਹਾ ਡਾਕੂ ਆਉਂਦਾ ਹੈ)

ਸ਼ੀਂਹ : ਕੌਣ ਕਾਬੂ ਨਹੀਂ ਆਇਆ?

ਸਾਧ : ਸ਼ੀਂਹੇ ਜੀ, ਬੜਾ ਅਮੀਰ ਆਦਮੀ ਏ ਜਿਹਦੇ ਕੋਲ ਮਾਇਆ ਦਾ ਹਿਸਾਬ ਈ ਨਹੀਂ।

ਸ਼ੀਂਹ : ਤੇਰੇ ਕੋਲੋਂ ਕਾਬੂ ਕਿਵੇਂ ਹੁੰਦਾ ਸਾਧਾ, ਜਿਹਦੀ ਲਾਠੀ ਉਹਦੀ ਮੱਝ। ਸਾਲੇ ਮੇਰੇ ਲੋਕ ਮੈਨੂੰ ਸ਼ੀਂਹਾ ਡਾਕੂ ਵੀ ਕਹਿੰਦੇ ਨੇ ਤੇ ਪੁੱਠੇ ਸਿੱਧੇ ਕੰਮ ਵੀ ਮੇਰੇ ਕੋਲੋਂ ਕਰਾਉਂਦੇ ਨੇ। ਸਭ ਜਾਣਦੇ ਨੇ ਜਦ ਸ਼ੀਂਹਾ ਡਾਕੂ ਬੜਕ ਮਾਰਦੈ ਤਾਂ ਰਾਤ ਨੂੰ ਸੁੱਤੇ ਨਿਆਣਿਆਂ ਦਾ ਪਿਸ਼ਾਬ ਨਿਕਲ ਜਾਂਦੈ। ਸਾਧਾ, ਵੱਡੇ-ਵੱਡੇ ਧੰਨੀਖਾਨਾਂ ਨੂੰ ਸ਼ੀਂਹਾ ਹੀ ਕਾਬੂ ਕਰ ਸਕਦੈ।

ਸਾਧ : (ਡਰਦਾ ਹੋਇਆ) ਬਿਲਕੁਲ ਦਰੁੱਸਤ ਫਰਮਾਇਐ, ਮੈਂ ਚਲਦਾਂ।

ਸ਼ੀਂਹ : ਸਾਧ ਨੂੰ ਬਾਂਹ ਤੋਂ ਪਕੜਦਾ ਹੋਇਆ) ਡਰਦਾ ਕਿਉਂ ਏਂ। ਮੇਰੇ ਤੋਂ ਡਰ ਲੱਗਦਾ ਪਿਐ?

ਸਾਧ : ਹਾਂ ਹਾਂ ਸ਼ੀਂਹਾ ਜੀ।

ਸ਼ੀਂਹ : ਤੂੰ ਆਹ ਸਾਧਾਂ ਵਾਲੀ ਵਰਦੀ ਲਾਹ ਸੁੱਟ ਤੇ ਪਾ ਡਾਕੂਆਂ ਵਾਲੀ ਵਰਦੀ, ਫਿਰ ਵੇਖੀਂ ਡਰ ਕਿਧਰ ਜਾਂਦਾ ਏ। ਸਾਧਾਂ, ਕੰਮ ਤਾਂ ਤੇਰਾ ਵੀ ਡਾਕਾ ਮਾਰਨਾ ਈ ਹੁੰਦੈ। ਧੀਰ ਮੱਲ ਸਾਧ ਦਾ ਡਮਾਕ ਬੜਾ ਤੇਜ ਏ। ਉਹਦਾ ਸਿਤਾਰਾ ਸਮਝ ਲੈ ਚਮਕ ਪਿਐ, ਜਿਹਨੇ ਐਨ ਠੀਕ ਵਕਤ ਮੈਨੂੰ ਯਾਦ ਕੀਤੈ।

ਸਾਧ : ਧੀਰ ਮੱਲ ਜੀ ਦੀ ਤਾਂ ਰੱਬ ਨਾਲ ਗੱਲ ਏ।

ਸ਼ੀਂਹ : ਕਿਹੜੇ ਰੱਬ ਨਾਲ ਗੱਲ ਏ ਉਹਦੀ? ਰੱਬ ਨੇੜੇ ਕਿ ਘਸੁੰਨ? ਪਰ ਧੀਰ ਮੱਲ ਬਾਜੀ ਮਾਰ ਗਿਐ। ਇੱਕ ਪਾਸੇ ਤੇਰੇ ਜਿਹੇ ਸਾਧ ਆਪਣੀ ਕੰਨੀਂ ਬੰਨ ਲਏ ਤੇ ਦੂਜੇ ਪਾਸੇ ਮੇਰੇ ਨਾਲ ਸੌਦੇਬਾਜ਼ੀ ਕਰ ਲਈ। ਘਬਰਾ ਨਾ ਧੀਰ ਮੱਲਾ, ਤੇਰੇ ਚੇਲੇ ਚਾਟੜੇ ਭਾਵੇਂ ਤੈਨੂੰ ਗੁਰੂ ਨਾ ਹੀ ਬਣਾ ਸਕਣ ਆਹ ਸ਼ੀਂਹੇ ਦੀ ਬੰਦੂਕ ਤੈਨੂੰ ਗੁਰੂ ਬਣਾ ਕੇ ਹੀ ਛੱਡੇਗੀ। ਹਾ...ਹਾ... ਹਾ... (ਹੱਸਦਾ ਹੈ)

ਸਾਧ : ਹੀਂ ਹੀਂ ਹੀਂ... (ਕਿਸਾਨ ਆਉਂਦਾ ਹੈ) ਸ਼ੀਂਹਾ ਜੀ, ਤੁਸੀਂ ਇਸ ਬੰਦੇ ਨਾਲ ਕੋਈ ਕਰੋ ਗੱਲਬਾਤ, ਮੈਂ ਤੁਹਾਡੇ ਲਈ ਪਰਸ਼ਾਦੇ ਲੈ ਕੇ ਆਇਆ। (ਸਾਧ ਖਿਸਕ ਜਾਂਦਾ ਹੈ)

ਸ਼ੀਂਹ : ਸਾਲਾ ਪਰਸ਼ਾਦਿਆਂ ਦਾ, ਉਤੋਂ ਬਗਲਾ ਵਿੱਚੋਂ ਕਾਂ।

ਕਿਸਾਨ : (ਆਪਣੇ ਆਪ ਵਿੱਚ ਗਾਉਂਦਾ ਹੋਇਆ) ਸ਼ਾਹੂਕਾਰ ਦਾ ਨਾ ਲੱਥਾ ਕਰਜਾ, ਜੱਟਾ ਤੇਰੀ ਜੂਨ ਬੁਰੀ।

ਸ਼ੀਂਹ : (ਸਾਂਗ ਲਾ ਕੇ) ਸ਼ਾਹੂਕਾਰ ਦਾ ਨਾ ਲੱਥਾ ਕਰਜਾ... ਸਾਲਿਆ ਆਹ ਬੰਦੂਕ ਫੜ, ਫੇਰ ਵੇਖੀਂ ਸ਼ਾਹੂਕਾਰ ਦਾ ਵਹੀ ਖਾਤਾ ਕਿਵੇਂ ਖੂਹ ਖਾਤੇ 'ਚ ਪੈਂਦੈ।

ਕਿਸਾਨ : ਸ਼ੀਂਹਾ ਡਾਕੂ? ਤੂੰ ਐਥੇ ਕਿਵੇਂ?

ਸ਼ੀਂਹਾ : ਇਹਨਾਂ ਸਾਧਾਂ ਦੀ ਮਾਂ ਦੀ ਮਕਾਣੇ ਆਇਆਂ।

ਕਿਸਾਨ : ਕਦੇ ਚੰਗੀ ਗੱਲ ਕਰ ਲਿਆ ਕਰ ਭਰਾਵਾ। ਐਥੇ ਵੇਖ, ਕਿੰਨੇ ਮਹਾਂਪੁਰਖ ਤਪ ਪਏ ਕਰਦੇ ਨੇ। ਉਹਨਾਂ ਦੇ ਬਚਨ ਸੁਣ...

ਸ਼ੀਂਹਾ : (ਟੋਕਦਾ ਹੋਇਆ) ਮੈਂ ਨਹੀਂ ਸੁਣਦਾ ਬਚਨ ਇਹਨਾਂ ਮਾਲਾ ਫੇਰਨ



ਵਾਲਿਆਂ ਦੇ। ਸਾਰੇ ਵਿਹਲੜ ਤੇ ਪਖੰਡੀ ਸੂਰਾਂ ਵਾਂਗ ਢਿੱਡ ਛੱਡੀ ਬੈਠੇ ਨੇ। ਮੇਰੇ ਤੋਂ ਵੱਧ ਪਾਪੀ ਨੇ।

ਕਿਸਾਨ : ਭਰਾਵਾ ਇੰਜ ਨਾ ਬੋਲ ਉਲਟ ਮਹਾਂਪੁਰਖਾਂ ਦੇ।

ਸ਼ੀਂਹਾ : ਆਹ ਮਹਾਂਪੁਰਖ ਤੇਰੇ ਜਿਹੇ ਉਲੂੱਆਂ ਨੂੰ ਸਵਰਗਾਂ ਦੇ ਸਬਜ਼ ਬਾਗ ਵਿਖਾ ਕੇ ਆਪਣਾ ਹਲਵਾ ਮਾਂਢਾ ਚਲਾਉਂਦੇ ਨੇ ਤੇ ਮੈਂ ਆਹ ਬੰਦੂਕ ਦੀ ਦਹਿਸ਼ਤ ਨਾਲ ਲੋਕਾਂ ਨੂੰ ਲੁੱਟਦਾਂ। ਧੀਰ ਮੱਲ ਨੇ ਮਾਇਆ ਦਿੱਤੀ ਏ ਤੇ ਮੈਂ ਉਹਦੀ ਮਦਦ ਤੇ ਆ ਗਿਆਂ। ਭਲਾ ਤੂੰ ਦਸ, ਧੀਰ ਮੱਲ ਨੇ ਸਾਰੀ ਜ਼ਿੰਦਗੀ ਕੋਈ ਬੰਦਿਆਂ ਵਾਲਾ ਕੰਮ ਕੀਤੈ, ਜੋ ਪੁੱਠਾ ਕੰਮ ਉਹਦੀ ਕਿਸਮਤ 'ਚ ਲਿਖਿਐ ਪਰ... ਅੱਜ ਉਹਨੇ ਗੁਰੂ ਬਣਨਾ ਈ ਬਣਨੈਂ।

(ਨਗਾਰੇ ਦੀ ਤੇਜ਼ ਆਵਾਜ਼ ਆਉਂਦੀ ਹੈ, ਸ਼ੀਂਹਾ ਅਤੇ ਕਿਸਾਨ ਬੜੀ ਹੈਰਾਨੀ ਵਿੱਚ ਉਸ ਦਿਸ਼ਾ ਵੱਲ ਵੇਖਦੇ ਹਨ, ਜਿਧਰੋਂ ਆਵਾਜ਼ ਆ ਰਹੀ ਹੈ)

ਆਵਾਜ਼ : ਗੁਰੂ ਲਾਧੋ ਰੇ, ਗੁਰੂ ਲਾਧੋ ਰੇ।

ਕਿਸਾਨ : ਇਹ ਵਾਜ ਕਿਹਦੀ ਏ ਭਰਾਵਾ? ਇਹ ਵਾਜ ਉਸ ਵਪਾਰੀ ਦੀ...

ਸ਼ੀਂਹਾ : ਇਹ ਬੜੀ ਗੜਕਵੀਂ ਵਾਜ ਏ। ਗੁਰੂ ਲੱਭ ਪਿਐ? ਉਹ ਵੀ ਸ਼ੀਂਹੇ ਦੀ ਬੰਦੂਕ ਦੀ ਗੋਲੀ ਬਿਨਾਂ। ਇਹ ਨਹੀਂ ਹੋ ਸਕਦਾ, ਮੈਂ ਇੰਜ ਨਹੀਂ ਹੋਣ ਦਿਆਂਗਾ?

(ਬਾਵਾ ਆਉਂਦਾ ਹੈ)

ਬਾਵਾ : (ਆਪਣੇ ਆਪ ਵਿੱਚ) ਗੁਰੂ ਲੱਭ ਗਿਐ, ਗੁਰੂ ਤੇਗ ਬਹਾਦਰ ਛੇਵੇਂ ਪਾਤਸ਼ਾਹ ਹਰਗੋਬਿੰਦ ਜੀ ਦੇ ਸਭ ਤੋਂ ਛੋਟੇ ਸਪੁੱਤਰ।

ਸ਼ੀਂਹਾ : (ਤੇਜ਼ ਕਦਮੀਂ ਜਾਂਦਾ ਹੋਇਆ) ਮੈਂ ਦੇਖਦਾਂ ਵੱਡੇ ਗੁਰੂ ਨੂੰ। ਤੇਗ ਬਹਾਦਰ, ਮੇਰੇ ਹੁੰਦੇ ਹੋਏ ਤੂੰ ਗੁਰੂ ਨਹੀਂ ਬਣ ਸਕਦਾ। (ਸ਼ੀਂਹਾ ਚਲਾ ਜਾਂਦਾ ਹੈ)

ਕਿਸਾਨ : (ਬਾਵੇ ਨੂੰ) ਕਿੰਜ ਪ੍ਰਗਟ ਹੋਇਐ ਸਾਡਾ ਗੁਰੂ?

ਬਾਵਾ : ਉਸ ਭਲੇ ਵਪਾਰੀ ਮੱਖਣ ਸ਼ਾਹ ਲੁਬਾਣਾ ਨੇ ਸੱਚੇ ਗੁਰੂ ਦੀ ਪਛਾਣ ਕੀਤੀ ਏ। ਉਹਦਾ ਜਹਾਜ਼ ਤੂਫਾਨ ਵਿੱਚ ਫਸ ਗਿਆ ਸੀ। ਉਹਨੇ ਗੁਰੂ ਨੂੰ ਯਾਦ ਕੀਤਾ ਕਿ ਜੇ ਉਹਦਾ ਜਹਾਜ਼ ਬੰਨੇ ਲੱਗ ਜਾਵੇ ਤਾਂ ਉਹ ਪੰਜ ਸੌ ਸੋਨੇ ਦੀਆਂ ਮੋਹਰਾਂ ਭੇਟ ਕਰੇਗਾ।

ਕਿਸਾਨ : ਫਿਰ ਲੱਗ ਗਿਐ ਜਹਾਜ਼ ਪਾਰ?

ਬਾਵਾ : ਹਾਂ, ਮੱਖਣ ਸ਼ਾਹ ਨੇ ਇੱਥੇ ਆ ਕੇ ਵੇਖਿਆ ਕਿ 22 ਗੁਰੂ ਆਪਣੇ ਗੁਰੂ ਹੋਣ ਦਾ ਦਾਅਵਾ ਕਰ ਰਹੇ ਸਨ ਤਾਂ ਉਸ ਵਪਾਰੀ ਨੇ ਸੋਚਿਆ ਇਨ੍ਹਾਂ ਨਕਲੀ ਗੁਰੂਆਂ ਅੱਗੇ ਦੋ ਦੋ ਮੋਹਰਾਂ ਰੱਖ ਮੱਥਾ ਟੇਕ ਦਿੱਤਾ ਜਾਵੇ।

ਕਿਸਾਨ : ਮੰਨ ਗਏ ਵਪਾਰੀ ਦੇ ਡਮਾਕ ਨੂੰ।

ਬਾਵਾ : ਇਹ ਨਕਲੀ ਗੁਰੂ ਤਾਂ ਦੋ ਦੋ ਮੋਹਰਾਂ ਲੈ ਕੇ ਬਾਗੋ-ਬਾਗ ਹੋ ਗਏ। ਜਦ ਮੱਖਣ ਸ਼ਾਹ ਨੇ ਗੁਰੂ ਤੇਗ ਬਹਾਦਰ ਜੀ ਅੱਗੇ ਦੋ ਮੋਹਰਾਂ ਰੱਖੀਆਂ ਤਾਂ ਗੁਰੂ ਜੀ ਨੇ ਮੁਸਕਰਾ ਕੇ ਪੁੱਛਿਆ ਭਾਈ ਬਾਕੀ ਦੀਆਂ 498 ਮੋਹਰਾਂ ਕਦੋਂ ਭੇਂਟ ਕਰਨੀਆਂ ਨੇ।

ਕਿਸਾਨ : ਇਹਨਾਂ 22 ਨਕਲੀ ਬਾਬਿਆਂ ਦੀ ਤਾਂ ਫੱਟੀ ਪੋਚੀ ਗਈ। ਮੈਂ ਦਰਸ਼ਨ ਕਰਦਾਂ ਸੱਚੇ ਗੁਰੂ ਦੇ। (ਜਾਂਦਾ ਹੈ)

ਬਾਵਾ : (ਆਪਣੇ ਆਪ ਵਿੱਚ) ਭਾਈ ਮੱਖਣ ਸ਼ਾਹ ਲੁਬਾਣਾ, ਅਸੀਂ ਤਾਂ ਤੇਰਾ ਦੇਣਾ ਨਹੀਂ ਦੇ ਸਕਦੇ। ਤੇਰੀ ਸਿਆਣਪ ਤੋਂ ਕੁਰਬਾਨ ਹੋ ਜਾਵਾਂ। (ਗੋਲੀ ਚੱਲਣ ਦੀ ਆਵਾਜ਼ ਆਉਂਦੀ ਹੈ, ਕਿਸਾਨ ਦੌੜਿਆ ਆਉਂਦਾ ਹੈ)

ਕਿਸਾਨ : ਸ਼ੀਹੇ ਡਾਕੂ ਨੇ ਗੋਲੀ ਚਲਾਤੀ। ਗੁਰੂ ਜੀ ਦੇ ਮੋਢੇ ਨੂੰ ਛੂਹ ਕੇ ਲੰਘ ਗਈ।

ਬਾਵਾ : ਇਕ ਹੋਰ ਮੁਸੀਬਤ... ਮੈਂ ਵੀ ਕੁੱਝ ਕਰਾਂ ਕੁਰਬਾਨੀ ਗੁਰੂ ਜੀ ਵਾਸਤੇ। (ਬਾਵਾ ਦੌੜਦਾ ਹੋਇਆ ਜਾਂਦਾ ਹੈ)

ਆਵਾਜ਼ਾਂ : ਮਾਰ ਦਿਓ ਪਾਪੀਆਂ ਨੂੰ, ਛੱਡਣਾ ਨਹੀਂ ਪਖੰਡੀਆਂ ਨੂੰ। ਮੇਰੇ ਸਾਥੀਓ, ਘੇਰ ਲਉ ਸ਼ੀਂਹੇ ਨੂੰ।

ਕਿਸਾਨ : ਖ਼ੂਨ ਖਰਾਬਾ ਹੋਵੇਗਾ। (ਸ਼ੀਂਹਾ ਦੌੜਿਆ ਆਉਂਦਾ ਹੈ)

ਸ਼ੀਂਹਾ : (ਘਬਰਾਹਟ ਵਿੱਚ) ਸਾਲਿਆਂ ਮੇਰੀ ਬੰਦੂਕ ਖੋਹ ਲਈ ਮੱਖਣ ਸ਼ਾਹ ਦੇ ਬੰਦਿਆਂ ਨੇ। ਇਹ ਧਾੜਵੀ ਪਤਾ ਨਹੀਂ ਕਿਧਰੋਂ ਆ ਗਏ।
(ਮੱਖਣ ਸ਼ਾਹ ਤਲਵਾਰ ਫੜੀ ਆਉਂਦਾ ਹੈ ਅਤੇ ਸ਼ੀਂਹੇ ਨੂੰ ਧੱਕਾ ਮਾਰਦਾ ਹੈ। ਸ਼ੀਂਹਾ ਧਰਤੀ ਤੇ ਡਿੱਗ ਪੈਂਦਾ ਹੈ)
ਮੈਨੂੰ ਮਾਫ ਕਰਦੇ... ਮੇਰੇ ਤੇ ਤਰਸ ਖਾ।

ਮੱਖਣ ਸ਼ਾਹ : ਤਰਸ ਕਰਾਂ ਤੇਰੇ ਤੇ! ਤੂੰ ਮੇਰੇ ਗੁਰੂ ਨੂੰ ਗੋਲੀ ਮਾਰਨ ਦੀ ਹਿੰਮਤ



ਕਿਵੇਂ ਕੀਤੀ ਕਮੀਨਿਆ? ਤੇਰੇ ਜਿਹੇ ਬਦਮਾਸ਼ਾਂ ਨੂੰ ਸੋਧਾ ਲਾਉਣ ਦਾ ਕੰਮ ਰੱਬ ਨੇ ਸਾਨੂੰ ਹੀ ਸੌਂਪਿਆ ਏ। ਕਰ ਲੈ ਰੱਬ ਨੂੰ ਯਾਦ ਇੱਕ ਪਲ...ਤੇਰਾ ਕਿੱਸਾ ਖਤਮ ਹੋ ਗਿਐ।

ਸ਼ੀਂਹਾ : ਗੁਰੂ ਦੇ ਸਿੱਖਾ! ਮੈਨੂੰ ਬਖਸ਼ ਦੇ।
(ਬਾਵਾ ਆਉਂਦਾ ਹੈ)

ਮੱਖਣ ਸ਼ਾਹ : ਤੈਨੂੰ ਨੀਚ ਨੂੰ ਕਿਉਂ ਬਖਸ਼ਾਂ?

ਬਾਵਾ : ਭਾਈ ਮੱਖਣ ਸ਼ਾਹ, ਗੁਰੂ ਤੇਗ ਬਹਾਦਰ ਜੀ ਨੇ ਇਨ੍ਹਾਂ ਨੀਚ ਬੰਦਿਆਂ ਨੂੰ ਮਾਫ ਕਰ ਦਿੱਤੈ। ਉਨ੍ਹਾਂ ਸਿੱਖਾਂ ਨੂੰ ਆਦੇਸ਼ ਦਿੱਤੈ ਕਿ ਕਿਸੇ ਦੁਸ਼ਮਣ ਦੀ ਵੀ ਜਾਨ ਨਾ ਲਈ ਜਾਵੇ।

ਮੱਖਣ ਸ਼ਾਹ : ਸ਼ੀਂਹੇ! ਵੇਖ ਮੇਰੇ ਸਤਿਗੁਰ ਦਾ ਹਿਰਦਾ। ਉਹਨਾਂ ਦੇ ਆਦੇਸ਼ ਦੀ ਪਾਲਣਾ ਕਰਦਾ ਹੀ ਤੈਨੂੰ ਛੱਡ ਰਿਹਾਂ।

ਸ਼ੀਂਹਾ : (ਡਰਿਆ ਹੋਇਆ) ਮੈਨੂੰ ਮਾਫ ਕਰੀਂ ਗੁਰੂ ਤੇਗ ਬਹਾਦਰ, ਮੈਨੂੰ ਮਾਫ਼ ਕਰੀਂ! ਅੱਜ ਤੋਂ ਮੈਂ ਡਾਕੇ ਨਹੀਂ ਮਾਰਾਂਗਾ।

ਬਾਵਾ : ਧੰਨ ਏ ਮੇਰਾ ਗੁਰੂ... ਭਾਵੇਂ ਮੇਰਾ ਗੁਰੂ ਦਿੱਲੀ ਵਿੱਚ ਸੀ, ਚੇਚਕ ਦੀ ਬਿਮਾਰੀ ਤੋਂ ਪੀੜਤ ਗਰੀਬਾਂ ਦੀ ਬਾਂਹ ਫੜੀ, ਫਿਰ ਮੱਖਣ ਸ਼ਾਹ ਲੁਬਾਣਾ ਦਾ ਤੂਫਾਨ ਵਿੱਚੋਂ ਬਚਾਅ ਕੀਤਾ ਤੇ ਹੁਣ ਬਕਾਲੇ ਵਿੱਚ ਸੱਚ ਦਾ ਸੂਰਜ ਚੜ੍ਹ ਗਿਐ।

ਗੀਤ ਦੀ ਆਵਾਜ਼ : ਦਿੱਲੀ ਹੋਏ ਜਾਂ ਬਾਬਾ ਬਕਾਲਾ
ਸੱਚੇ ਗੁਰੂ ਦਾ ਦੁਆਰਾ।
ਇਹਦੀ ਮਿੱਟੀ ਮੱਥੇ ਨੂੰ ਲਾਈਏ
ਮਾਨਸ ਜੀਵਨ ਸਫ਼ਲ ਬਣਾਈਏ।
(ਹਨੇਰਾ ਹੋ ਜਾਂਦਾ ਹੈ)

***

# ਸਤਵਿੰਦਰ ਬੇਗੋਵਾਲੀਆ ਦੁਆਰਾ ਰਚਿਤ ਵਿਭਿੰਨ ਨਾਟਕਾਂ ਦੀਆਂ ਕੁੱਝ ਮੰਚੀ ਝਲਕਾਂ



















